ਇੰਡੋ-ਕੈਨੇਡੀਅਨ
# ਆਵਾਜ਼
INDO-CANADIAN AWAAZ WEEKLY NEWSPAPER

06-February-2026 Tel: 604-502-6100 Volume: 35 Number: 06




# ਸਰੀ ਵਿਚ ਫਰੌਤੀ ਵਸੂਲੀ ਦੇ ਸੰਕਟ ਦਰਮਿਆਨ ਪੰਜਾਬੀ ਅਫ਼ਸਰ ਪੌਲ ਡਡਵਾਲ ਕਮਿਊਨਿਟੀ ਐਡਵਾਇਜ਼ਰੀ ਗਰੁੱਪ ਦੇ ਮੁਖੀ ਵਜੋਂ ਨਿਯੁਕਤ

**ਸਰੀ, 06 ਫਰਵਰੀ:-**ਕੈਨੇਡਾ ਵਿਚ ਪੰਜਾਬੀ ਕਾਰੋਬਾਰੀਆਂ 'ਤੇ ਗੋਲੀਆਂ ਚਲਾਉਂਦੇ ਕਾਬੂ ਕੀਤੇ ਸ਼ੱਕੀਆਂ ਵੱਲੋਂ ਅਸਾਇਲਮ ਦੇ ਦਾਅਵਿਆਂ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਬੀ ਸੀ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਇੰਮੀਗ੍ਰੇਸ਼ਨ ਅਤੇ ਡਿਪੋਰਟੇਸ਼ਨ ਦੁਆਲੇ ਕੇਂਦਰਤ ਕਾਨੂੰਨਾਂ ਵਿਚ ਤਬਦੀਲੀ ਦਾ ਸੱਦਾ ਦਿੱਤਾ ਹੈ। ਡੇਵਿਡ ਈਬੀ ਨੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਸਿੱਧੇ ਤੌਰ 'ਤੇ ਡਿਪੋਰਟ ਕੀਤੇ ਜਾਣ ਦੀ ਬਜਾਏ ਗੈਰਸਮਾਜੀ ਅਨਸਰ ਕੈਨੇਡਾ ਵਿਚ ਪਨਾਹ ਮੰਗ ਰਹੇ ਹਨ ਪਰ ਇੰਮੀਗ੍ਰੇਸ਼ਨ ਅਤੇ ਰਫ਼ਿਊਜੀ ਬੋਰਡ ਵਾਲਿਆਂ ਦਾ ਸ਼ੁਕਰੀਆ ਕਰਨਾ ਬਣਦਾ ਹੈ ਕਿ ਅਜਿਹੇ ਦਾਅਵਿਆਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਫਰੌਤੀ ਵਸੂਲੀ ਦੇ ਔਖੇ ਸਮੇਂ ਦੌਰਾਨ ਗ੍ਰਿਫ਼ਤਾਰ ਕੀਤੇ ਜਾ ਰਹੇ ਸ਼ੱਕੀਆਂ ਦੀ ਪਛਾਣ ਤਾਂ ਜ਼ਾਹਰ ਕੀਤੀ ਜਾ ਰਹੀ ਹੈ ਪਰ ਕੈਨੇਡਾ ਬਾਰਡਰ ਸਰਵਿਸਿਜ਼ ਵਾਲੇ ਡਿਪੋਰਟ ਕੀਤੇ ਜਾ ਰਹੇ ਸ਼ੱਕੀਆਂ ਦੀ ਪਛਾਣ ਜਨਤਕ ਨਹੀਂ ਕਰ ਰਹੇ। ਪੌਲ ਡਡਵਾਲ ਬਣੇ ਕਮਿਊਨਿਟੀ ਐਡਵਾਇਜ਼ਰੀ ਗਰੁੱਪ ਦੇ ਮੁਖੀ ਅਜਿਹਾ ਨਾ ਕਰਨ ਪਿੱਛੇ ਦੱਸਿਆ ਜਾ ਰਿਹਾ ਕਾਰਨ



ਵੀ ਸਮਝ ਤੋਂ ਬਾਹਰ ਹੈ। ਦੂਜੇ ਪਾਸੇ ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਆਰ. ਸੀ.ਐਮ.ਪੀ. ਦੇ ਸਾਬਕਾ ਅਫ਼ਸਰ ਪੌਲ ਡਡਵਾਲ ਨੂੰ ਐਕਸਟੌਰਸ਼ਨ ਦੇ ਮਸਲੇ 'ਤੇ ਬਣੇ ਕਮਿਊਨਿਟੀ ਐਡਵਾਇਜ਼ਰੀ ਗਰੁੱਪ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਨਿਯੁਕਤੀ ਦਾ ਐਲਾਨ ਕਰਦਿਆਂ ਕਿਹਾ, ''ਅਸੀਂ ਵੱਡੇ ਸੰਕਟ ਵਿਚੋਂ ਲੰਘ ਰਹੇ ਹਾਂ ਕਿਉਂਕਿ ਅਪਰਾਧੀ ਸਾਡੇ ਕਾਰੋਬਾਰੀਆਂ ਤੋਂ ਮੋਟੀਆਂ ਰਕਮਾਂ ਮੰਗ ਰਹੇ ਹਨ ਅਤੇ ਘਰਾਂ ਉਤੇ ਗੋਲੀਆਂ ਚਲਾਉਣ ਦਾ ਸਿਲਸਿਲਾ ਲਗਾਤਾ ਜਾਰੀ ਹੈ। ਭਾਵੇਂ ਕੋਈ ਪੀੜਤ ਹੈ ਜਾਂ ਕਿਸੇ ਪੀੜਤ ਨੂੰ ਜਾਣਦਾ ਹੈ, ਗੋਲੀਆਂ ਦੀ ਆਵਾਜ਼ ਹਰ ਇਕ ਦੇ ਮਨ ਵਿਚ ਖੌਫ਼ ਪੈਦਾ ਕਰ ਦਿੰਦੀ ਹੈ। ਤਿੰਨ ਬੱਚਿਆਂ ਦਾ ਪਿਉ ਹੋਣ ਦੇ ਨਾਤੇ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਹਰ ਪਰਵਾਰ ਵਾਸਤੇ ਸੁਰੱਖਿਅਤ ਮਾਹੌਲ ਲਾਜ਼ਮੀ ਹੈ।'' ਪ੍ਰੀਮੀਅਰ ਨੇ ਦੱਸਿਆ ਕਿ ਪੌਲ ਡਡਵਾਲ ਹੁਣ ਕਮਿਊਨਿਟੀ ਗਰੁੱਪ ਦੀ ਅਗਵਾਈ ਕਰਨਗੇ। ਬਤੌਰ ਪੁਲਿਸ ਅਫ਼ਸਰ ਉਨ੍ਹਾਂ ਦਾ ਤਜਰਬਾ ਫਾਇਦੇਮੰਦ ਸਾਬਤ ਹੋਵੇਗਾ। ਪੌਲ ਡਡਵਾਲ ਜੁਰਮ ਦਾ ਟਾਕਰਾ ਕਰਨਾ ਬਾਖੂਬੀ ਜਾਣਦੇ ਹਨ ਅਤੇ ਕਮਿਊਨਿਟੀ ਨਾਲ ਨੇੜਲੇ ਸਬੰਧ ਸਥਾਪਤ ਕਰਨ ਦੀ ਜਾਚ ਵੀ ਉਨ੍ਹਾਂ ਕੋਲ ਮੌਜੂਦ ਹੈ।

ਈਬੀ ਬੀ.ਸੀ. ਦੀ ਲੋਕ ਸੁਰੱਖਿਆ ਮੰਤਰੀ ਨੀਨਾ ਕ੍ਰੀਗਰ ਨੇ ਪ੍ਰੀਮੀਅਰ ਦੇ ਬਿਆਨ ਨਾਲ ਸਹਿਮਤੀ ਜ਼ਾਹਰ ਕਰਦਿਆਂ ਕਿਹਾ ਕਿ ਸਰੀ ਜਾਂ ਹੋਰਨਾਂ ਸ਼ਹਿਰਾਂ ਵਿਚ ਐਕਸਟੌਰਸ਼ਨ ਦਾ ਨਿਸ਼ਾਨਾ ਬਣ ਰਹੇ ਲੋਕਾਂ ਦੀ ਸੁਰੱਖਿਆ ਸੂਬਾ ਸਰਕਾਰ ਦਾ ਮੁੱਖ ਤਰਜੀਹ ਹੈ। ਐਡਵਾਇਜ਼ਰੀ ਗਰੁੱਪ ਕਮਿਊਨਿਟੀ ਦੀਆਂ ਚਿੰਤਾਵਾਂ ਸੁਣੇਗਾ ਅਤੇ ਅਹਿਮ ਮਸਲਿਆਂ ਦੀ ਸ਼ਨਾਖ਼ਤ ਕਰਦਿਆਂ ਇਨ੍ਹਾਂ ਨੂੰ ਲਾਅ ਐਨਫ਼ੋਰਸਮੈਂਟ ਅਫ਼ਸਰਾਂ ਅਤੇ ਸੂਬਾ ਸਰਕਾਰ ਤੱਕ ਪਹੁੰਚਾਇਆ ਜਾਵੇਗਾ। ਇਸੇ ਦੌਰਾਨ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਫੈਡਰਲ ਸਰਕਾਰ ਨੂੰ ਅਪੀਲ ਕੀਤੀ ਕਿ ਐਕਟੌਰਸ਼ਨ ਸੰਕਟ ਨਾਲ ਨਜਿੱਠਣ ਲਈ ਵਧੇਰੇ ਕਾਰਗਰ ਉਪਾਅ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਰੀ ਸ਼ਹਿਰ ਦੇ ਲੋਕਾਂ ਨੂੰ ਬੇਹੱਦ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਅਜਿਹੇ ਮੌਕੇ 'ਤੇ ਇਕਜੁਟਤਾ ਬੇਹੱਦ ਲਾਜ਼ਮੀ ਹੈ। ਇਥੇ ਦਸਣਾ ਬਣਦਾ ਹੈ ਕਿ ਆਰ. ਸੀ.ਐਮ.ਪੀ. ਦੇ ਕਮਿਸ਼ਨਰ ਮਾਈਕ ਡਹੀਮ ਜਲਦ ਹੀ ਸਰੀ ਪੁਲਿਸ ਅਤੇ ਬੀ.ਸੀ. ਐਕਸਟੌਰਸ਼ਨ ਟਾਸਕ ਫੋਰਸ ਦੇ ਮੁਖੀ ਨਾਲ ਮੀਟਿੰਗ ਕਰਨ ਦਾ ਐਲਾਨ ਕਰ ਚੁੱਕੇ ਹਨ।

## ਵੈਨਕੂਵਰ ਵਿਚ ਇਕ ਦਿਨਾਂ ਆਤਿਸ਼ਬਾਜ਼ੀ ਸਮਾਗਮ ਲਈ 2 ਮਿਲੀਅਨ ਡਾਲਰ ਦੀ ਮਨਜ਼ੂਰੀ

*__ਵੈਨਕੂਵਰ, 06 ਫਰਵਰੀ:-__ ਵੈਨਕੂਵਰ ਸਿਟੀ ਕੌਂਸਲ ਨੇ ਗਰਮੀਆਂ ਦੌਰਾਨ ਇਕ ਦਿਨਾਂ ਮੁਫ਼ਤ ਆਤਿਸ਼ਬਾਜ਼ੀ ਸਮਾਗਮ ਕਰਵਾਉਣ ਲਈ ਸ਼ਹਿਰੀ ਫੰਡਾਂ ਵਿਚੋਂ 2 ਮਿਲੀਅਨ ਡਾਲਰ ਖਰਚ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਫ਼ੈਸਲਾ ਮੇਅਰ ਕੇਨ ਸਿਮ ਦੀ ਪੇਸ਼ਕਸ਼ 'ਤੇ ਲਿਆ ਗਿਆ, ਜਿਸ ਤੋਂ ਬਾਅਦ ਕੌਂਸਲਰਾਂ ਨੇ ਵੋਟਿੰਗ ਰਾਹੀਂ ਇਸ ਨੂੰ ਮਨਜ਼ੂਰੀ ਦਿੱਤੀ।*



*ਇਹ ਸਮਾਗਮ ਅਗਸਤ ਮਹੀਨੇ ਵਿੱਚ ਕਰਵਾਇਆ ਜਾਵੇਗਾ ਅਤੇ ਆਮ ਲੋਕਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋਵੇਗਾ। ਗੌਰਤਲਬ ਹੈ ਕਿ ਲੰਮੇ ਸਮੇਂ ਤੋਂ ਚੱਲ ਰਹੀ "ਸੈਲੀਬ੍ਰੇਸ਼ਨ ਆਫ਼ ਲਾਈਟ" ਆਤਿਸ਼ਬਾਜ਼ੀ ਲੜੀ ਨੂੰ ਸਰਕਾਰ ਵੱਲੋਂ ਪੂਰੀ ਫੰਡਿੰਗ ਨਾ ਮਿਲਣ ਕਾਰਨ ਰੱਦ ਕਰਨਾ ਪਿਆ ਸੀ। ਇਸ ਤੋਂ ਬਾਅਦ ਸ਼ਹਿਰ ਵਾਸੀਆਂ ਲਈ ਮਨੋਰੰਜਨ ਦੇ ਵਿਕਲਪ ਤੌਰ 'ਤੇ ਇਹ ਨਵਾਂ ਸਮਾਗਮ ਯੋਜਨਾ ਬੱਧ ਕੀਤਾ ਗਿਆ ਹੈ। ਸ਼ਹਿਰੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਸਮਾਗਮ ਸਥਾਨਕ ਵਪਾਰ, ਸੈਰ-ਸਪਾਟੇ ਅਤੇ ਭਾਈਚਾਰਕ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਹਾਲਾਂਕਿ, ਕੁਝ ਕੌਂਸਲਰਾਂ ਅਤੇ ਨਾਗਰਿਕਾਂ ਵੱਲੋਂ ਵੱਡੀ ਰਕਮ ਖਰਚ ਕਰਨ 'ਤੇ ਸਵਾਲ ਵੀ ਉਠਾਏ ਗਏ ਹਨ।*









# ਲੀਡਰਸ਼ਿਪ ਜੋ ਬੀ.ਸੀ. ਨੂੰ ਅੱਗੇ ਵਧਾਉਂਦੀ ਹੈ



**ਜੇਸਨ** ਮੈਕਡੈਨੀਅਲ ਸਿਰਫ਼ ਆਈ.ਸੀ.ਬੀ.ਸੀ. ਦੇ ਪ੍ਰਧਾਨ ਅਤੇ ਸੀ.ਈ.ਓ. ਦੀ ਭੂਮਿਕਾ ਵਿੱਚ ਕਦਮ ਨਹੀਂ ਰੱਖ ਰਹੇ ਸਗੋਂ ਉਹ ਪੁੱਜਤਯੋਗ ਇੰਸ਼ੋਰੈਂਸ ਪ੍ਰਦਾਨ ਕਰਨ, ਗਾਹਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਅਤੇ ਵਧੇਰੇ ਇਕਸਾਰ ਅਨੁਭਵ ਪ੍ਰਦਾਨ ਕਰਨ ਲਈ ਜਵਾਬਦੇਹੀ ਕਰ ਰਹੇ ਹਨ। ਆਧੁਨਿਕੀਕਰਨ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਮੈਕਡੈਨੀਅਲ ਆਈ.ਸੀ.ਬੀ.ਸੀ. ਵਿਖੇ ਇੱਕ ਨਵੇਂ ਯੁੱਗ ਲਈ ਮੰਚ ਸਥਾਪਤ ਕਰ ਕਰੇ।

ਮੈਕਡੈਨੀਅਲ ਨੇ ਕਿਹਾ "ਬੀ.ਸੀ. ਵਿੱਚ ਜੀਵਨ ਵਿਕਸਤ ਹੋ ਰਿਹਾ ਹੈ, ਅਤੇ ਆਈ.ਸੀ.ਬੀ.ਸੀ. ਹੁਣ ਨਾਲ ਨਾਲ ਨਿਭ ਰਹੀ ਹੈ - ਪਰ ਅਸੀਂ ਹੋਰ ਵੀ ਕੁਝ ਕਰ ਸਕਦੇ ਹਾਂ,"

ਮੈਕਡੈਨੀਅਲ ਕਿਹਾ। ਉਸਦਾ ਧਿਆਨ? ਡਰਾਈਵਰ ਲਾਇਸੈਂਸਿੰਗ ਅਤੇ ਕਲੇਮਾਂ ਦੇ ਤਜ਼ਰਬੇ ਦੀਆਂ ਸੀਮਾਵਾਂ ਨੂੰ ਅੱਗੇ ਵਧਾਓ ਤਾਂ ਜੋ ਉਹ ਸੌਖਾਲੇ, ਸੁਵਿਧਾਜਨਕ ਹੋਣ, ਅਤੇ ਅੱਜ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਦੇ ਹੋਣ।

ਬਹੁਤੇ ਲੋਕਾਂ ਲਈ, ਆਟੋ ਇੰਸ਼ੋਰੈਂਸ ਇੱਕ ਅਜਿਹੀ ਚੀਜ਼ ਹੈ ਜਿਸ ਬਾਰੇ ਉਹ ਕਦੇ ਹੀ ਸੋਚਦੇ ਜਦੋਂ ਤੱਕ ਕਿ ਉਹਨਾਂ ਨੂੰ ਇਸਦੀ ਜ਼ਰੂਰਤ ਨਹੀਂ ਪੈ ਜਾਂਦੀ। ICBC ਦਾ ਦਾ ਇਹ ਮੁੱਖ ਫੋਕਸ ਹੈ। ਆਈ.ਸੀ.ਬੀ.ਸੀ. ਆਪਣੇ ਉਤਪਾਦਾਂ ਅਤੇ ਸੇਵਾਵਾਂ ਨੂੰ ਬੀ.ਸੀ. ਵਿੱਚ ਰਹਿਣ ਵਾਲਿਆਂ ਦੀਆਂ ਜ਼ਰੂਰਤਾਂ ਦੇ ਅਨੁਸਾਰ, ਆਧੁਨਿਕ ਬਣਾ ਰਿਹਾ ਹੈ ਤਾਂ ਜੋ ਸਾਰੇ ਡਰਾਈਵਰਾਂ ਲਈ ਵਧੇਰੇ ਪਹੁੰਚਯੋਗ ਬਣ ਸਕਣ।

**ਇਹ ਹੈ ਜੋ ਅਸੀਂ ਸੇਵਾਵਾਂ ਨੂੰ ਬਿਹਤਰ ਬਣਾਉਣਾ ਲਈ ਪਹਿਲਾਂ ਕੀ ਕਰ ਰਹੇ ਹਾਂ:**

**ਕਾਊਂਟਰ ਤੋਂ ਲੈ ਕੇ ਕਲਿੱਕ ਕਰਨ ਤੱਕ: ਆਨਲਾਈਨ ਸੇਵਾਵਾਂ ਦਾ ਵਿਸਤਾਰ**




ICBC ਦੇ ਆਧੁਨਿਕੀਕਰਨ ਦਾ ਇੱਕ ਮੁੱਖ ਹਿੱਸਾ ਲੋਕਾਂ ਲਈ ਆਪਣੀਆਂ ਸੇਵਾਵਾਂ ਨਾਲ ਦੂਰ ਤੋਂ ਜੁੜਨਾ ਸੌਖਾ ਬਣਾਉਣ 'ਤੇ ਕੇਂਦ੍ਰਿਤ ਕਰਦਾ ਹੈ। ਡਰਾਈਵਰ ਹੁਣ ਿਛਭਛ ਤੱਕ ਪਹੁੰਚ ਕਰ ਸਕਦੇ ਹਨ, ਜੋ ਕਿ ਇੱਕ ਔਨਲਾਈਨ ਪੋਰਟਲ ਹੈ ਜੋ ਸਾਰੀਆਂ 23 ਿਛਭਛ ਡਿਜੀਟਲ ਸੇਵਾਵਾਂ ਨੂੰ ਇਕੋ ਸਿੰਗਲ ਸਾਈਨ-ਇਨ 'ਚ ਇਕੱਠਿਆਂ ਕਰਦਾ ਹੈ।

**ਘੱਟ ਗੱਡੀ ਚਲਾਓ, ਵਧੇਰ ਬੱਚਤ ਕਰੋ -ਵਰਤੋਂ ਅਧਾਰਤ ਇੰਸ਼ੋਰੈਂਸ ਰਾਹੀਂ ਹੋਰ ਬੱਚਤ ਕਰੋ**

ਜਿਵੇਂ-ਜਿਵੇਂ ਬੀ.ਸੀ. ਦੀ ਆਬਾਦੀ ਵਧਦੀ ਹੈ, ਸੜਕ 'ਤੇ ਵਾਹਨਾਂ ਦੀ ਗਿਣਤੀ ਵੀ ਵਧਦੀ ਹੈ। ਇਹ ਵਧੇਰੇ ਭੀੜ-ਭੜੱਕੇ, ਉੱਚ ਦੁਰਘਟਨਾ ਜੋਖਮਾਂ ਅਤੇ ਵਧੇ ਹੋਏ ਗ੍ਰੀਨਹਾਊਸ ਗੈਸ ਨਿਕਾਸ ਦੇ ਨਾਲ ਇੱਕ ਹੋਰ ਗੁੰਝਲਦਾਰ ਗਤੀਸ਼ੀਲਤਾ ਵਾਤਾਵਰਣ ਬਣਾ ਰਿਹਾ ਹੈ। ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ, ICBC ਨੇ ਘੱਟ ਗੱਡੀ ਚਲਾਉਣ ਵਾਲੇ ਡਰਾਈਵਰਾਂ ਲਈ ਵਰਤੋਂ-ਅਧਾਰਤ ਇੰਸ਼ੋਰੈਂਸ ਛੋਟਾਂ ਪੇਸ਼ ਕੀਤੀਆਂ ਹਨ।

**ਗ੍ਰੈਜੂਏਟਿਡ ਲਾਇਸੈਂਸਿੰਗ ਪ੍ਰੋਗਰਾਮ ਨੂੰ ਆਧੁਨਿਕ ਬਣਾਉਣਾ**

ICBC ਗ੍ਰੈਜੂਏਟਿਡ ਲਾਇਸੈਂਸਿੰਗ ਪ੍ਰੋਗਰਾਮ (ਘ.ਲਫ) ਨੂੰ ਆਧੁਨਿਕ ਬਣਾਉਣ ਲਈ ਸੂਬਾਈ ਸਰਕਾਰ ਨਾਲ ਕੰਮ ਕਰ ਰਹੀ ਹੈ, ਜਿਸ ਵਿੱਚ 25 ਸਾਲਾਂ ਤੋਂ ਵੱਧ ਸਮੇਂ ਵਿੱਚ ਕੋਈ ਵੱਡਾ ਅਪਡੇਟ ਨਹੀਂ ਦੇਖਿਆ ਗਿਆ ਹੈ। ਨਿਯਮੀ ਤਬਦੀਲੀਆਂ ਦੀ ਮਨਜ਼ੂਰੀ ਵਿਚਾਰ ਅਧੀਨ ਹੁੰਦਿਆਂ ਹੋਇਆਂ, ਤਬਦੀਲੀਆਂ ਕਲਾਸ 5 ਲਾਇਸੈਂਸ ਪ੍ਰਾਪਤ ਕਰਨ ਲਈ ਦੂਜੇ ਰੋਡ ਟੈਸਟ ਦੀ ਜ਼ਰੂਰਤ ਨੂੰ ਹਟਾ ਕੇ ਪ੍ਰਕਿਰਿਆ ਨੂੰ ਸਰਲ ਬਣਾਉਣਗੀਆਂ।




ਇਹ ਤਬਦੀਲੀਆਂ ਨਵੇਂ ਡਰਾਈਵਰਾਂ ਲਈ ਡਰਾਈਵਿੰਗ ਮਨਾਹੀਆਂ ਦੀ ਮਿਆਦ ਵਧਾ ਕੇ ਸੜਕਾਂ ਨੂੰ ਸੁਰੱਖਿਅਤ ਕਰਨ 'ਚ ਸਹਿਯੋਗ ਕਰਨਗੀਆਂ, ਜਦੋਂ ਕਿ ਪੇਂਡੂ ਅਤੇ ਆਦਿਵਾਸੀ ਕਮਿਊਨਿਟੀਆਂ ਵਿੱਚ ਡਰਾਈਵਰਾਂ ਲਈ ਪਹੁੰਚਯੋਗਤਾ ਵਧਾਉਣਗੀਆਂ।







**ਗਾਹਕਾਂ ਨੂੰ ਸਭ ਤੋਂ ਅੱਗੇ ਰੱਖ ਕੇ ਬਦਲਾਅ ਲਿਆਉਣਾ**

ਇਹ ਪਹਿਲਕਦਮੀਆਂ ਸਿਰਫ਼ ਸ਼ੁਰੂਆਤ ਹਨ। ਜੇਸਨ ਮੈਕਡੈਨੀਅਲ ਦੀ ਅਗਵਾਈ ਹੇਠ, ਿਛਭਛ ਇੰਸ਼ੋਰੈਂਸ ਦਾ ਇੱਕ ਅਜਿਹਾ ਅਨੁਭਵ ਬਣਾਉਣ ਲਈ ਵਚਨਬੱਧ ਹੈ ਜੋ ਸਰਲ, ਪਹੁੰਚਯੋਗ ਅਤੇ ਭਵਿੱਖ ਲਈ ਤਿਆਰ ਹੋਵੇ।

ਅੱਗੇ ਦਾ ਰਸਤਾ ਨੀਤੀਆਂ ਅਤੇ ਪ੍ਰੀਮੀਅਮਾਂ ਤੋਂ ਵੱਧ ਹੈ - ਇਹ ਮਨ ਦੀ ਸ਼ਾਂਤੀ, ਸਹੂਲਤ, ਅਤੇ ਅਜਿਹੇ ਹੱਲ ਬਣਾਉਣਾ ਹੈ ਜੋ ਬੀ.ਸੀ. ਵਿੱਚ ਹਰ ਡਰਾਈਵਰ ਦੇ ਜੀਵਨ ਦੇ ਅਨੁਕੂਲ ਹੋਣ। ਭਾਵੇਂ ਤੁਸੀਂ ਆਨਲਾਈਨ ਰੀਨਿਊ ਕਰ ਰਹੇ ਹੋ, ਵਰਤੋਂ-ਅਧਾਰਤ ਬੀਮੇ ਰਾਹੀਂ ਬੱਚਤ ਕਰ ਰਹੇ ਹੋ, ਜਾਂ ਉਨ੍ਹਾਂ ਦਰਾਂ ਦਾ ਆਨੰਦ ਮਾਣ ਰਹੇ ਹੋ ਜੋ ਸਹੀ ਰੂਪ 'ਚ ਤੁਹਾਨੂੰ ਅਤੇ ਤੁਹਾਡੇ ਵਾਹਨ ਨੂੰ ਪ੍ਰਗਟਾਉਂਦੀਆਂ ਹਨ, ਿਛਭਛ ਤੁਹਾਨੂੰ ਧਿਆਨ 'ਚ ਰੱਖ ਕੇ ਹੀ ਤਬਦੀਲੀਆਂ ਕਰ ਰਹੀ ਹੈ।

ਇਹ ICBC ਲਈ ਇੱਕ ਨਵਾਂ ਯੁੱਗ ਹੈ — ਅਤੇ ਇਹ ਹੁਣ ਸ਼ੁਰੂ ਹੁੰਦਾ ਹੈ।



# ਕਾਰਨੀ ਸਰਕਾਰ ਵੱਲੋਂ ਨਵੀਂ ਰਾਸ਼ਟਰੀ ਆਟੋ ਰਣਨੀਤੀ ਦਾ ਐਲਾਨ, ਈਵੀ ਨੀਤੀ ਵਿੱਚ ਵੱਡਾ ਬਦਲਾਅ

**ਔਟਵਾ, 06 ਫਰਵਰੀ:**–ਫ਼ੈਡਰਲ ਸਰਕਾਰ ਨੇ ਅੱਜ ਕੈਨੇਡਾ ਲਈ ਨਵੀਂ ਨੈਸ਼ਨਲ ਆਟੋਮੋਟਿਵ ਰਣਨੀਤੀ ਦਾ ਐਲਾਨ ਕੀਤਾ ਹੈ, ਜਿਸ ਨਾਲ ਦੇਸ਼ ਦੀ ਆਟੋ ਉਦਯੋਗ



ਨੀਤੀ ਵਿੱਚ ਵੱਡਾ ਮੋੜ ਆਇਆ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਸਰਕਾਰ ਹੁਣ ਉਨ੍ਹਾਂ ਖੇਤਰਾਂ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ ਜੋ ਕੈਨੇਡਾ ਦੇ ਆਪਣੇ ਕੰਟਰੋਲ ਵਿੱਚ ਹਨ ਅਤੇ ਇਸੀ ਦ੍ਰਿਸ਼ਟੀਕੋਣ ਨਾਲ ਆਟੋ ਉਦਯੋਗ ਨੂੰ ਮਜ਼ਬੂਤ ਬਣਾਉਣ ਦੀ ਯੋਜਨਾ ਤਿਆਰ ਕੀਤੀ ਗਈ ਹੈ।

ਰਣਨੀਤੀ ਅਨੁਸਾਰ, ਕੈਨੇਡਾ ਵਿੱਚ ਬਣਨ ਵਾਲੇ ਵਾਹਨਾਂ ਦੇ ਉਤਪਾਦਨ ਨੂੰ ਹੁਲਾਰਾ ਦਿੱਤਾ ਜਾਵੇਗਾ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਤੇ ਅਧੁਨਿਕ ਟੈਕਨੋਲਾਜੀ ਦੀ ਮਦਦ ਨਾਲ ਭਵਿੱਖ ਦੇ ਵਾਹਨ ਵਿਕਸਤ ਕੀਤੇ ਜਾਣਗੇ। ਸਰਕਾਰ ਨੇ ਸ਼ੁਰੂਆਤੀ ਕਦਮ ਵਜੋਂ ਉਹ ਨਿਯਮ ਰੱਦ ਕਰ ਦਿੱਤਾ ਹੈ, ਜਿਸ ਤਹਿਤ 2035 ਤੱਕ ਕੈਨੇਡਾ ਵਿੱਚ ਵਿਕਣ ਵਾਲੀਆਂ ਸਾਰੀਆਂ ਨਵੀਆਂ ਗੱਡੀਆਂ ਦਾ ਇਲੈਕਟ੍ਰਿਕ ਹੋਣਾ ਲਾਜ਼ਮੀ ਸੀ।

ਹਾਲਾਂਕਿ, ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਵਧਾਉਣ ਲਈ ਸਰਕਾਰ ਨੇ ਈਵੀ ਪ੍ਰੋਤਸਾਹਨ ਯੋਜਨਾ ਨੂੰ ਪੰਜ ਸਾਲਾਂ ਲਈ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ’ਤੇ 2.3 ਬਿਲੀਅਨ ਡਾਲਰ ਖਰਚ ਕੀਤੇ ਜਾਣਗੇ। ਇਸ ਤਹਿਤ ਈਵੀ ਖਰੀਦ ’ਤੇ 5,000 ਡਾਲਰ ਅਤੇ ਪਲੱਗ-ਇਨ ਹਾਈਬ੍ਰਿਡ ਲਈ 2,500 ਡਾਲਰ ਤੱਕ ਦੀ ਮਦਦ ਮਿਲੇਗੀ। ਇਹ ਫੈਸਲੇ ਉਸ ਸਮੇਂ ਕੀਤੇ ਗਏ ਹਨ ਜਦੋਂ ਆਟੋ ਉਦਯੋਗ ਅਮਰੀਕੀ ਟੈਰਿਫ਼ ਸਮੇਤ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।

# ਸੱਟ ਲੱਗਣ ਕਾਰਨ ਓਲੰਪਿਕ ਦੇ ਬਿੱਗ ਏਅਰ ਮੁਕਾਬਲੇ ’ਚ ਹਿੱਸਾ ਨਹੀਂ ਲੈ ਪਾਵੇਗਾ ਮਾਰਕ ਮੈਕਮੌਰਿਸ



***ਔਟਵਾ, 05 ਫਰਵਰੀ:***–*ਫ਼ੈਡਰਲ ਸਰਕਾਰ ਨੇ ਧਾਰਮਿਕ ਵਿਤਕਰੇ ਨਾਲ ਨਜਿੱਠਣ ਲਈ ਬਣਾਏ ਗਏ ਦੋ ਮਹੱਤਵਪੂਰਨ ਵਿਸ਼ੇਸ਼ ਦਫ਼ਤਰਾਂ ਨੂੰ ਭੰਗ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦੀ ਥਾਂ ਹੁਣ ਇੱਕ ਨਵੀਂ ਸਾਂਝੀ ਸੰਸਥਾ, ਰਾਈਟਸ, ਇਕੁਐਲਿਟੀ ਐਂਡ ਇਨਕਲੂਜ਼ਨ ਐਡਵਾਈਜ਼ਰੀ ਕੌਂਸਲ, ਦੀ ਸਥਾਪਨਾ ਕੀਤੀ ਜਾ ਰਹੀ ਹੈ। ਭੰਗ ਕੀਤੇ ਜਾ ਰਹੇ ਦਫ਼ਤਰਾਂ ਵਿੱਚ ਇਸਲਾਮੋਫ਼ੋਬੀਆ ਨਾਲ ਨਜਿੱਠਣ ਲਈ ਵਿਸ਼ੇਸ਼ ਨੁਮਾਇੰਦੇ ਦਾ ਅਹੁਦਾ ਅਤੇ ਹੋਲੋਕਾਸਟ ਯਾਦਗਾਰ ਅਤੇ ਯਹੂਦੀ-ਵਿਰੋਧਵਾਦ ਨਾਲ ਨਜਿੱਠਣ ਲਈ ਵਿਸ਼ੇਸ਼ ਦੂਤ ਦਾ ਅਹੁਦਾ ਸ਼ਾਮਲ ਹਨ। ਆਈਡੈਂਟਿਟੀ ਮਿਨਿਸਟਰ ਮਾਰਕ ਮਿਲਰ ਨੇ ਪਾਰਲੀਮੈਂਟ ਹਿੱਲ ’ਤੇ ਕਿਹਾ ਕਿ ਇਹ ਫ਼ੈਸਲਾ ਦੋਨਾਂ ਅਹੁਦਿਆਂ ਦੇ ਕੰਮ ਨੂੰ ਇੱਕ ਵੱਡੇ ਅਤੇ ਸਾਂਝੇ ਢਾਂਚੇ ਵਿੱਚ ਜੋੜਨ ਲਈ ਲਿਆ ਗਿਆ ਹੈ, ਤਾਂ ਜੋ ਰਾਸ਼ਟਰੀ ਏਕਤਾ ਵੱਲ ਅਗਲਾ ਕਦਮ ਚੁੱਕਿਆ ਜਾ ਸਕੇ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਕਦਮ ਪੈਸਾ ਬਚਾਉਣ ਲਈ ਨਹੀਂ, ਸਗੋਂ ਵਧੇਰੇ ਪ੍ਰਭਾਵਸ਼ਾਲੀ ਪਹੁੰਚ ਅਪਣਾਉਣ ਲਈ ਹੈ। ਹਾਲਾਂਕਿ, ਇਸ ਫ਼ੈਸਲੇ ’ਤੇ ਕਈ ਕਮਿਊਨਿਟੀ ਗਰੁੱਪਾਂ ਨੇ ਚਿੰਤਾ ਜ਼ਾਹਿਰ ਕੀਤੀ ਹੈ। ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮਜ਼ (NCCM) ਨੇ ਕਿਹਾ ਕਿ ਇਸਲਾਮੋਫ਼ੋਬੀਆ ਨਾਲ ਲੜਨ ਲਈ ਸਮਰਪਿਤ ਅਤੇ ਮਜ਼ਬੂਤ ਲੀਡਰਸ਼ਿਪ ਦੀ ਅਜੇ ਵੀ ਲੋੜ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਨਵੀਂ ਕੌਂਸਲ ਦੇ ਕੰਮ ’ਤੇ ਨਜ਼ਰ ਰੱਖਣਗੇ ਤਾਂ ਜੋ ਇਹ ਮਸਲਾ ਅਣਡਿੱਠਾ ਨਾ ਰਹਿ ਜਾਵੇ। ਇਸਦੇ ਨਾਲ ਹੀ NCCM ਨੇ ਯਹੂਦੀ-ਵਿਰੋਧਵਾਦ ਨਾਲ ਜੁੜੇ ਦਫ਼ਤਰ ਦੇ ਭੰਗ ਹੋਣ ’ਤੇ ਵੀ ਚਿੰਤਾ ਜ਼ਾਹਿਰ ਕੀਤੀ।*


REBAR WORK AT ITS BEST




- BEAM LOG
- POLY
- DAMP ROOFING
- STYROFOAM
- FOUNDATION
- DRIVEWAY, SIDEWALK & GARAGE
- RESIDENTIAL & COMMERCIAL
- FARMHOUSES
- WINDOW WELL



- ਮੁਫਤ ਐਸਟੀਮੇਟ ਲਈ ਫੋਨ ਕਰੋ -
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com



www.josanrebar.ca









ਅਸੀਂ ਪੰਜਾਬ ਇੰਸ਼ੋਰੈਂਸ ’ਤੇ ਤੁਹਾਡੀ ਫੈਮਲੀ ਲਈ ਇੰਡਸਟਰੀ ਦੇ ਸਭ ਤੋਂ ਵਧੀਆ ਪਲੈਨ ਉਪਲੱਬਧ ਕਰਾਉਂਦੇ ਹਾਂ

Ensuring Your Life
Ensuring Your Trust
Punjab Insurance Agency Inc.

#301-8128-128TH ST.
SURREY
WWW.PUNJABINSURANCE.CA

SHERJANG SINGH RANA
604.996.6868

SANDEEP AHUJA CHS
604.996.6862

ਸੁਪਰ ਵੀਜ਼ਾ

ਇੰਡਸਟਰੀ ਦੇ ਸਭ ਤੋਂ ਵਧੀਆ ਫਾਇਦੇ ਵਾਲੇ ਪਲੈਨ ਦੇ ਨਾਲ

| | |
|---|---|
| **Accidental Death & Dismemberment.....** | **$100,000** |
| Follow-up Visits.................................... | **up to $3,000** |
| Accidental Dental .................................. | **up to $3,000** |
| Return of Deceased................................ | **up to $10,000** |

3 months 9 months PRO-RATE REFUNDED IF EARLY RETURN

100% REFUNDABLE IF BY CHANCE VISA DENIED

- ਲਾਈਫ ਇੰਸ਼ੋਰੈਂਸ
- ਕ੍ਰਿਟਿਕਲ ਇਲਨੈਸ ਇੰਸ਼ੋਰੈਂਸ
- ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟ੍ਰੱਕ ਡਰਾਈਵਰਾਂ ਵਾਸਤੇ

ਬਹੁਤ ਹੀ ਵਾਜਿਬ ਪ੍ਰੀਮੀਅਮ ਰੇਟ
Coverage Available from $100,000 to $300,000

- ਵਿਜ਼ਟਰ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਪ੍ਰੋਵਿੰਸ ਤੋਂ ਬਾਹਰ ਕਵਰੇਜ
- ਡੈਂਟਲ ਤੇ ਮੈਡੀਕਲ ਪਲੈਨ

# ਸੱਟ ਲੱਗਣ ਕਾਰਨ ਓਲੰਪਿਕ ਦੇ ਬਿੱਗ ਏਅਰ ਮੁਕਾਬਲੇ 'ਚ ਹਿੱਸਾ ਨਹੀਂ ਲੈ ਪਾਵੇਗਾ ਮਾਰਕ ਮੈਕਮੌਰਿਸ

**ਔਟਵਾ, 06 ਫਰਵਰੀ:**–ਬੁੱਧਵਾਰ ਰਾਤ ਨੂੰ ਟਰੇਨਿੰਗ ਦੌਰਾਨ ਪੇਸ਼ ਆਏ ਹਾਦਸੇ ਤੋਂ ਬਾਅਦ ਹੁਣ ਕੈਨੇਡਾ ਦੇ ਸਨੋਅਬੋਰਡਰ ਮਾਰਕ ਮੈਕਮੌਰਿਸ ਮਿਲਾਨੋ-ਕਰਟਿਨਾ ਓਲੰਪਿਕ ਗੇਮਜ਼ ਵਿੱਚ ਹਿੱਸਾ ਨਹੀਂ ਲੈ ਸਕੇਗਾ। ਹਾਦਸੇ ਦੌਰਾਨ ਮਾਰਕ ਦੇ ਸਿਰ ਵਿੱਚ ਸੱਟ ਲੱਗੀ ਦੱਸੀ ਜਾ ਰਹੀ ਹੈ। ਮੈਕਮੌਰਿਸ ਦੀ ਸਿਹਤ ਸਬੰਧੀ ਜਾਂਚ ਕੈਨੇਡਾ ਸਨੋਅਬੋਰਡ ਐਂਡ ਕੈਨੇਡੀਅਨ ਓਲੰਪਿਕ ਕਮੇਟੀ ਦੀ ਮੈਡੀਕਲ ਟੀਮ ਵੱਲੋਂ ਕੀਤੀ ਗਈ।



ਜਿਸ ਤੋਂ ਬਾਅਦ ਹੀ ਇਹ ਫੈਸਲਾ ਕੀਤਾ ਗਿਆ ਕਿ 32 ਸਾਲਾ ਅਥਲੀਟ ਵੀਰਵਾਰ ਰਾਤ ਨੂੰ ਹੋਣ ਵਾਲੇ ਪੁਰਸ਼ਾਂ ਦੇ ਏਅਰ ਕੁਆਲੀਫਿਕੇਸ਼ਨ ਮੁਕਾਬਲੇ ਵਿੱਚ ਹਿੱਸਾ ਨਹੀਂ ਲਵੇਗਾ। ਵੀਰਵਾਰ ਨੂੰ ਸੋਸ਼ਲ ਮੀਡੀਆ ਉੱਤੇ ਪਾਈ ਪੋਸਟ ਵਿੱਚ ਰੇਜਾਈਨਾ ਦੇ ਮੂਲ ਵਾਸੀ ਮਾਰਕ ਨੇ ਆਖਿਆ ਕਿ ਉਸ ਨੂੰ ਅਜੇ ਵੀ ਆਸ ਹੈ ਕਿ ਉਹ ਸਲੋਪਸਟਾਈਲ ਮੁਕਾਬਲੇ ਵਿੱਚ ਹਿੱਸਾ ਲੈ ਪਾਵੇਗਾ।

# 'ਮੈਨੂੰ ਉਸ ਨਾਲ ਬਿਤਾਏ ਹਰ ਮਿੰਟ 'ਤੇ ਪਛਤਾਵਾ', ਜੈਫਰੀ ਐਪਸਟੀਨ ਮਾਮਲੇ 'ਚ ਬਿਲ ਗੇਟਸ ਨੇ ਤੋੜੀ ਚੁੱਪ

**ਸਿਆਟਲ, 06 ਫਰਵਰੀ:**–ਐਪਸਟੀਨ ਫਾਈਲਾਂ ਨਾਲ ਜੁੜੇ ਦੋਸ਼ਾਂ 'ਤੇ ਮਾਈਕ੍ਰੋਸਾਫਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਅਮਰੀਕੀ ਨਿਆਂ ਵਿਭਾਗ ਵੱਲੋਂ ਜਾਰੀ ਨਵੇਂ ਦਸਤਾਵੇਜ਼ਾਂ ਅਤੇ ਈਮੇਲਾਂ ਤੋਂ ਬਾਅਦ ਉੱਠੇ ਵਿਵਾਦਾਂ ਨੂੰ ਬਿਲ ਗੇਟਸ ਨੇ ਸਿਰੇ ਤੋਂ ਖਾਰਜ ਕਰਦਿਆਂ ਮਾਫੀ ਮੰਗੀ ਹੈ।





ਦਰਅਸਲ, ਅਮਰੀਕੀ ਨਿਆਂ ਵਿਭਾਗ ਵੱਲੋਂ ਜਾਰੀ ਐਪਸਟੀਨ ਫਾਈਲ ਦੇ ਨਵੇਂ ਦਸਤਾਵੇਜ਼ਾਂ ਅਤੇ ਈਮੇਲਾਂ ਵਿੱਚ ਇਹ ਖੁਲਾਸਾ ਹੋਇਆ ਸੀ ਕਿ ਬਿਲ ਗੇਟਸ ਨੇ ਰੂਸੀ ਕੁੜੀਆਂ ਨਾਲ ਸਬੰਧ ਬਣਾਏ ਸਨ, ਜਿਸ ਕਾਰਨ ਉਨ੍ਹਾਂ ਨੂੰ ਜਿਨਸੀ ਸੰਕਰਮਣ ਹੋਇਆ ਸੀ।

### ਬਿਲ ਗੇਟਸ ਦੀ ਸਫ਼ਾਈ

ਇਨ੍ਹਾਂ ਦੋਸ਼ਾਂ ਤੋਂ ਬਾਅਦ ਬਿਲ ਗੇਟਸ ਦੀ ਸਫ਼ਾਈ ਆਈ ਹੈ। ਬਿਲ ਗੇਟਸ ਨੇ ਆਸਟ੍ਰੇਲੀਆ ਦੇ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, 'ਜੈਫਰੀ ਐਪਸਟੀਨ ਨੇ ਖੁਦ ਨੂੰ ਇੱਕ ਈਮੇਲ ਲਿਖੀ ਸੀ, ਜੋ ਕਦੇ ਭੇਜੀ ਨਹੀਂ ਗਈ ਸੀ। ਉਹ ਈਮੇਲ ਝੂਠੀ ਹੈ। ਮੈਨੂੰ ਨਹੀਂ ਪਤਾ ਕਿ ਉਸ ਦੇ ਪਿੱਛੇ ਉਸ ਦੀ ਕੀ ਸੋਚ ਸੀ। ਉਸ ਨਾਲ ਬਿਤਾਏ ਹਰ ਮਿੰਟ 'ਤੇ ਮੈਨੂੰ ਪਛਤਾਵਾ ਹੈ ਅਤੇ ਮੈਂ ਮਾਫੀ ਮੰਗਦਾ ਹਾਂ ਕਿ ਮੈਂ ਉਸ ਨਾਲ ਸਮਾਂ ਬਿਤਾਇਆ।' ਜ਼ਿਕਰਯੋਗ ਹੈ ਕਿ 2019 ਵਿੱਚ ਜੇਲ੍ਹ ਵਿੱਚ ਬੰਦ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਦੀ ਖ਼ੁਦਕੁਸ਼ੀ ਦੀ ਜਾਂਚ ਨਾਲ ਸਬੰਧਤ ਲੱਖਾਂ ਪੰਨਿਆਂ ਦੇ ਨਵੇਂ ਦਸਤਾਵੇਜ਼ ਅਮਰੀਕੀ ਨਿਆਂ ਵਿਭਾਗ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਗਏ ਹਨ, ਜਿਸ ਵਿੱਚ ਬਿਲ ਗੇਟਸ ਸਮੇਤ ਕਈ ਹਸਤੀਆਂ ਦੇ ਨਾਂ ਸ਼ਾਮਲ ਹਨ। ਬਿਲ ਗੇਟਸ ਦਾ ਨਾਂ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਦੇ ਬੁਲਾਰੇ ਨੇ ਕਿਹਾ, "ਇਹ ਦਸਤਾਵੇਜ਼ ਸਿਰਫ਼ ਐਪਸਟੀਨ ਦੀ ਇਸ ਨਿਰਾਸ਼ਾ ਨੂੰ ਦਰਸਾਉਂਦੇ ਹਨ ਕਿ ਗੇਟਸ ਨਾਲ ਉਨ੍ਹਾਂ ਦਾ ਕੋਈ ਸਥਾਈ ਸਬੰਧ ਨਹੀਂ ਸੀ ਅਤੇ ਉਨ੍ਹਾਂ ਨੂੰ ਫਸਾਉਣ ਅਤੇ ਬਦਨਾਮ ਕਰਨ ਲਈ ਉਹ ਕਿਸ ਹੱਦ ਤੱਕ ਜਾ ਸਕਦੇ ਸਨ।" ਬਿਲ ਗੇਟਸ ਦੀ ਸਾਬਕਾ ਪਤਨੀ ਮੇਲਿੰਡਾ ਫ੍ਰੈਂਚ ਗੇਟਸ ਨੇ ਵੀ ਇਨ੍ਹਾਂ ਈਮੇਲਾਂ 'ਤੇ ਪ੍ਰਤੀਕਿਰਿਆ ਦਿੱਤੀ ਅਤੇ ਇਨ੍ਹਾਂ ਨੂੰ 'ਬਹੁਤ ਦਿਲ ਤੋੜਨ ਵਾਲਾ' ਦੱਸਿਆ।

ਮੇਲਿੰਡਾ ਫ੍ਰੈਂਚ ਨੇ ਕਿਹਾ ਕਿ ਦਸਤਾਵੇਜ਼ਾਂ ਦੇ ਲੀਕ ਹੋਣ ਨਾਲ ਉਨ੍ਹਾਂ ਨੂੰ ਆਪਣੇ ਵਿਆਹੁਤਾ ਜੀਵਨ ਦੇ ਕੁਝ ਬਹੁਤ ਹੀ ਦਰਦਨਾਕ ਪਲਾਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਉਨ੍ਹਾਂ ਕਿਹਾ, "ਜਦੋਂ ਵੀ ਉਨ੍ਹਾਂ ਵੇਰਵਿਆਂ ਦਾ ਜ਼ਿਕਰ ਹੁੰਦਾ ਹੈ, ਤਾਂ ਮੈਨੂੰ ਨਿੱਜੀ ਤੌਰ 'ਤੇ ਬਹੁਤ ਮੁਸ਼ਕਲ ਹੁੰਦੀ ਹੈ।"





ਸਾਡੀਆਂ ਇੰਸ਼ੋਰੈਂਸ ਸੇਵਾਵਾਂ 'ਤੇ ਯਕੀਨ ਰੱਖਣ ਲਈ ਸਮੂਹ ਭਾਈਚਾਰੇ ਦਾ ਧੰਨਵਾਦ।
ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਕਰਵਾਉਣ ਤੋਂ ਪਹਿਲਾਂ ਸਾਨੂੰ ਇੱਕ ਵਾਰ ਜ਼ਰੂਰ ਮਿਲੋ।

*Best Rates with Best Options !!*

- Life Insurance
- Critical Illness Insurance
- Accident, Sickness & Disability
- Mortgage Protection Insurance
- RRSP/TFSA
- Travel/Medical Insurance

YOUR TRUSTED CERTIFIED & EXPERT ADVISOR SINCE 1999

**SUKHINDER S. GILL** CHS, MSc, B.ED
**604-724-4700**
sukhindergill@gmail.com

WE HAVE 10, 15, 20 YEARS GUARANTEED PAYABLE PLANS | SUPER VISA INSURANCE | NEW ADVISORS WELCOME | SPECIAL RATES FOR KIDS INSURANCE

ਹਰ ਤਰ੍ਹਾਂ ਦੀ ਇੰਸ਼ੋਰੈਂਸ ਬਹੁਤ ਹੀ ਵਾਜਿਬ ਰੇਟ 'ਤੇ ਕੀਤੀ ਜਾਂਦੀ ਹੈ।
ਅਸੀਂ ਟਰੱਕ ਅਤੇ ਟੈਕਸੀ ਚਲਾਉਣ ਵਾਲਿਆਂ ਦੀ ਡਿਸਅਬਿਲਟੀ ਇੰਸ਼ੋਰੈਂਸ ਵੀ ਕਰਦੇ ਹਾਂ।

**A TO Z DRIVING SCHOOL**

**ਅਸੀਂ ਸਿਟੀਜ਼ਨਸ਼ਿੱਪ ਅਤੇ NSC ਦੀ ਤਿਆਰੀ ਤੇ ਟੈਸਟ ਵੀ ਕਰਵਾਉਂਦੇ ਹਾਂ।**

ਜੇ ਤੁਸੀਂ ਕਾਰ, ਮੋਟਰਸਾਈਕਲ, ਟਰੱਕ ਅਤੇ ਏਅਰ ਬਰੇਕ ਦਾ ਲਰਨਿੰਗ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਬੁੱਕ ਦੇਖ ਕੇ ਡਰ ਜਾਂਦੇ ਹੋ ਤਾਂ ਘਬਰਾਓ ਨਾ ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਅੰਗਰੇਜ਼ੀ ਘੱਟ ਆਉਂਦੀ ਹੈ ਤਾਂ ਵੀ ਡਰਨ ਦੀ ਲੋੜ ਨਹੀਂ।

ਅਸੀਂ ਲਰਨਿੰਗ ਟੈਸਟ ਦੀ ਤਿਆਰੀ ਲਈ ਆਪ ਪੜ੍ਹਾਉਂਦੇ ਹਾਂ ਅਤੇ ਕੰਪਿਊਟਰ ਨਾਲ ਤਿਆਰੀ ਕਰਵਾਉਂਣ ਤੋਂ ਬਾਅਦ ਕੰਪਿਊਟਰ 'ਤੇ ਆਪ ਟੈਸਟ ਲੈਂਦੇ ਹਾਂ।

**ਲਰਨਿੰਗ ਲਾਇਸੈਂਸ**

ਏਅਰ ਬਰੇਕ ਕੋਰਸ ਅਤੇ ਮੈਲਟ ਟਰੱਕ ਦੇ ਲਾਇਸੈਂਸ ਸਮੇਤ ਕਲਾਸ 1 ਤੋਂ ਲੈ ਕੇ ਕਲਾਸ 7 ਤੱਕ ਕੰਪਿਊਟਰ ਨਾਲ ਪੰਜਾਬੀ ਵਿਚ ਲਰਨਿੰਗ ਲਾਇਸੈਂਸ ਦੀ ਤਿਆਰੀ ਕਰਵਾਉਂਦੇ ਹਾਂ। ਹੋਰ ਜਾਣਕਾਰੀ ਲਈ ਹੁਣੇ ਫੋਨ ਕਰੋ:






**ਲੱਕੀ (LUCKY)**
**604-614-5365**
#15 8388 128 St, Surrey, BC

ਟੈਕਸੀ / ਲਿਮੋ ਦਾ ਲਰਨਰ ਲਾਇਸੈਂਸ ਲੈਣ ਲਈ ਵੀ ਗਾਈਡ ਕਰਦੇ ਹਾਂ

**Sanghera Pressure Wash & Sealer**

ਸਾਡੇ ਕੋਲ ਵੱਡੀਆਂ ਬਿਲਡਿੰਗਾਂ, ਫਾਊਨ ਹਾਊਸ ਧੋਣ ਵਾਸਤੇ ਵੱਡੀ ਕਰੇਨ ਹੈ।

* ਫੇਸ਼ੀਆ ਪੇਂਟ
* ਡਰਾਈਵੇਅ ਵਾਸ਼ਿੰਗ ਅਤੇ ਸੀਲਿੰਗ
* ਗਟਰ ਕਲੀਨਿੰਗ ਅਤੇ ਫਿਕਸਿੰਗ
* ਰੂਫ ਅਤੇ ਵਿੰਡੋ ਵਾਸ਼ਿੰਗ
* ਡਾਊਨ ਪਾਇਪ ਰੀਪਲੇਸ
* ਹਾਊਸ ਵਾਸ਼ਿੰਗ
* ਹਰ ਤਰ੍ਹਾਂ ਦੇ ਸਟੋਨ ਸੀਲਿੰਗ
* ਬਲੈਕ ਟਾਪ ਡਰਾਈਵੇ ਸੀਲਿੰਗ
* ਪਾਰਕਿੰਗ ਲੌਟ ਵਾਸ਼ਿੰਗ
* ਰੂਫ ਅਤੇ ਡਰਾਈਵੇਅ ਸੀਲ
* ਹਰ ਤਰ੍ਹਾਂ ਦੀ ਰੂਫ ਸੀਲਿੰਗ
* ਡੈਕ ਅਤੇ ਸੰਨਡੈਕ ਸੀਲਿੰਗ



ਫਰੀ ਐਸਟੀਮੇਟ ਅਤੇ ਤਸਲੀਬਖਸ਼ ਕੰਮ

**778-858-6333**




Email: sangherapressurewash@hotmail.com

# ਫਿਰੌਤ ਦੇ ਮਾਮਲੇ ’ਚ ਸਰੀ ਤੋਂ ਤਿੰਨ ਪੰਜਾਬੀ ਨੌਜਵਾਨ ਗ੍ਰਿਫ਼ਤਾਰ

**ਸਰੀ, 04 ਫਰਵਰੀ:**–ਸਰੀ ਪੁਲਸ ਨੇ 01 ਫਰਵਰੀ 2026 ਨੂੰ ਕ੍ਰੀਸੈਂਟ ਬੀਚ ਇਲਾਕੇ ਵਿੱਚ ਇੱਕ ਘਰ ਦੇ ਬਾਹਰ ਗੋਲੀਆਂ ਚਲਾਉਣ ਦੇ ਦੋਸ਼ ਵਿੱਚ 3 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਸ ਅਨੁਸਾਰ ਇਹ ਘਟਨਾ ਸਵੇਰੇ ਲਗਭਗ 3:50 ਵਜੇ ਵਾਪਰੀ, ਜਿੱਥੇ ਗੋਲੀਬਾਰੀ ਦੇ ਨਾਲ-ਨਾਲ ਘਰ ਦੇ ਬਾਹਰ ਅੱਗ ਲਗਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ।

ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ 21 ਸਾਲਾ ਹਰਜੋਤ ਸਿੰਘ, 19 ਸਾਲਾ ਤਰਨਵੀਰ ਸਿੰਘ ਅਤੇ 21 ਸਾਲਾ ਦਿਆਜੀਤ ਸਿੰਘ ਬਿਲਿੰਗ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਤਿੰਨੋਂ ਪੰਜਾਬੀ ਮੂਲ ਦੇ ਨੌਜਵਾਨ ਹਨ।

ਇਨ੍ਹਾਂ ਤਿੰਨਾਂ ‘ਤੇ ਗੋਲੀ ਚਲਾਉਣ ਦੇ ਗੰਭੀਰ ਅਪਰਾਧਿਕ ਦੋਸ਼ ਲਗਾਏ ਗਏ ਹਨ। ਪੁਲਸ ਨੇ ਪੁਸ਼ਟੀ ਕੀਤੀ ਹੈ ਕਿ ਇਹ ਤਿੰਨੋਂ ਵਿਦੇਸ਼ੀ ਨਾਗਰਿਕ ਹਨ,




ਜਿਸ ਕਾਰਨ ਪੁਲਸ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਹੈ।

ਵਾਰਦਾਤ ਤੋਂ ਕੁਝ ਸਮਾਂ ਬਾਅਦ ਹੀ ਜਦੋਂ ਮੁਲਜ਼ਮ ਇੱਕ ਰਾਈਡਸ਼ੇਅਰ (ਟੈਕਸੀ) ਵਿੱਚ ਸਵਾਰ ਹੋ ਕੇ ਫਰਾਰ ਹੋਣ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਪੁਲਸ ਨੇ ਉਨ੍ਹਾਂ ਨੂੰ ਘੇਰ ਕੇ ਕਾਬੂ ਕਰ ਲਿਆ।

ਤਿੰਨੋਂ ਮੁਲਜ਼ਮ 5 ਫਰਵਰੀ 2026 ਤੱਕ ਪੁਲਸ ਹਿਰਾਸਤ ਵਿੱਚ ਰਹਿਣਗੇ। ਪੁਲਸ ਨੇ ਹੋਰ ਗਵਾਹਾਂ ਅਤੇ ਪੀੜਤਾਂ ਨੂੰ ਸਾਹਮਣੇ ਆਉਣ ਦੀ ਅਪੀਲ ਕਰਦਿਆਂ ਮੁਲਜ਼ਮਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ।

ਪੁਲਸ ਵੱਲੋਂ ਇਸ ਮਾਮਲੇ ਵਿੱਚ ‘ਸਰੀ ਐਕਸਟੋਰਸ਼ਨ ਰਿਵਾਰਡ ਫੰਡ’ ਦਾ ਜ਼ਿਕਰ ਕਰਨਾ ਸੰਕੇਤ ਦਿੰਦਾ ਹੈ ਕਿ ਇਹ ਘਟਨਾ ਜਬਰਨ ਵਸੂਲੀ ਦੇ ਮਾਮਲਿਆਂ ਨਾਲ ਜੁੜੀ ਹੋ ਸਕਦੀ ਹੈ, ਜਿਸ ਲਈ ਪੁਲਸ ਨੇ ਜਾਣਕਾਰੀ ਦੇਣ ਵਾਲੇ ਨੂੰ 2.5 ਲੱਖ ਡਾਲਰ ਤੱਕ ਦੇ ਇਨਾਮ ਦਾ ਐਲਾਨ ਕੀਤਾ ਹੋਇਆ ਹੈ।

# ਮੌਂਟਰੀਅਲ ਵਿਚ ਪੰਜਾਬੀ ਨਰਸ ਲਵਦੀਪ ਸੰਧੂ ਉੱਤੇ 56 ਹਜ਼ਾਰ ਡਾਲਰ ਮੁੱਲ ਦੇ ਨਸ਼ੀਲੇ ਪਦਾਰਥ ਚੋਰੀ ਕਰਨ ਦੇ ਦੋਸ਼

**ਮੌਂਟਰੀਅਲ, 06 ਫਰਵਰੀ:**–ਕੈਨੇਡਾ ਵਿਚ ਪੰਜਾਬੀ ਮੂਲ ਦੀ ਨਰਸ ਨੂੰ 56 ਹਜ਼ਾਰ ਡਾਲਰ ਮੁੱਲ ਦੇ ਨਸ਼ੀਲੇ ਪਦਾਰਥ ਚੋਰੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਮੌਂਟਰੀਅਲ ਨਾਲ ਸਬੰਧਤ ਨਰਸ ਦੀ ਸ਼ਨਾਖ਼ਤ ਲਵਦੀਪ ਸੰਧੂ ਵਜੋਂ ਕੀਤੀ ਗਈ ਹੈ ਜੋ ਇਕ ਪ੍ਰਾਈਵੇਟ ਕਲੀਨਿਕ ਵਿਚ ਕੰਮ ਕਰਦੀ ਸੀ ਅਤੇ ਭਾਰਤ ਵਿਚ ਨਰਸਿੰਗ ਸਟੂਡੈਂਟਸ ਨੂੰ ਪ੍ਰੀਖਿਆ ਪਾਸ ਕਰਨ ਵਿਚ ਮਦਦ ਵੀ ਕਰਦੀ। ਕਿਊਬੈਕ ਸਟੇਟ ਪੁਲਿਸ ਵੱਲੋਂ ਲਵਦੀਪ ਸੰਧੂ ’ਤੇ ਲਾਏ ਦੋਸ਼ਾਂ ਮੁਤਾਬਕ ਉਸ ਨੇ 6 ਹਜ਼ਾਰ ਨਸ਼ੇ ਵਾਲੇ ਟੀਕੇ ਚੋਰੀ ਕੀਤੇ ਅਤੇ ਪੁਲਿਸ ਵੱਲੋਂ ਉਸ ਦੇ ਘਰ ’ਤੇ ਮਾਰੇ ਛਾਪੇ ਦੌਰਾਨ 10 ਹਜ਼ਾਰ ਡਾਲਰ ਨਕਦ ਤੇ ਸਰਿੰਜਾਂ ਦੇ ਕਈ ਡੱਬੇ ਬਰਾਮਦ ਕੀਤੇ ਗਏ। ਲਵਦੀਪ ਸੰਧੂ ਦਾ ਨਰਸਿੰਗ ਲਾਇਸੰਸ ਮੁਅੱਤਲ ਕਰ ਦਿਤਾ ਗਿਆ ਹੈ ਅਤੇ ਅਦਾਲਤੀ ਫ਼ੈਸਲਾ ਜੂਨ ਵਿਚ ਆਉਣ ਦੇ ਆਸਾਰ ਹਨ। ਮੌਂਟਰੀਅਲ ਦੀ ਲਵਦੀਪ ਸੰਧੂ ਦਾ ਲਾਇਸੰਸ ਕੀਤਾ ਰੱਦ ਦੂਜੇ ਪਾਸੇ ਸਸਕੈਚਵਨ ਸੂਬੇ ਵਿਚ ਰਜਿੰਦਰਪਾਲ ਬਸਰਾਂ ਨੂੰ ਧੋਖਾਧੜੀ ਦੇ ਇਰਾਦੇ ਨਾਲ ਆਪਣਾ ਹੀ ਸਪੋਰਟਸ ਬਾਰ ਫੂਕਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਆਰ.ਸੀ.ਐਮ.ਪੀ. ਨੇ ਦੱਸਿਆ ਕਿ ਕੈਲਗਰੀ ਦੇ ਰਜਿੰਦਰਪਾਲ ਬਸਰਾਂ ਵਿਰੁੱਧ 5 ਹਜ਼ਾਰ ਡਾਲਰ ਤੋਂ ਵੱਧ ਰਕਮ ਦਾ ਫਰੌਡ ਕਰਨ ਅਤੇ ਮਨੁੱਖੀ ਜਾਨ ਖ਼ਤਰੇ ਵਿਚ ਪਾਉਣ ਦੇ ਦੋਸ਼ ਲਾਏ ਗਏ ਹਨ।



NEWTON DENTURE
CLINIC INC.




ਜੇ ਤੁਸੀਂ ਦੰਦ ਲਗਵਾਉਂਣੇ ਹਨ ਜਾਂ ਫਿਰ ਲਗਵਾਏ ਹਨ
ਦੰਦ ਪੁਰਾਣੇ ਹਨ ਹੁਣ ਨਵੇਂ ਲਗਵਾਉਂਣੇ ਹਨ ਬਲਰਾਜ ਨੂੰ ਫੋਨ ਕਰੋ
ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਬਲਰਾਜ
ਨਾਲ ਅੁਪਾਇੰਟਮੈਂਟ ਬਣਾਉ ਤੇ ਖਾਣਾ ਚੰਗੀ ਤਰ੍ਹਾਂ ਖਾਓ
ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ
ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿਚ ਉਪਲਬੱਧ ਹਨ।

20 ਸਾਲਾਂ ਤੋਂ ਵੱਧ ਦਾ ਤਜ਼ਰਬਾ • ਮੁਫਤ ਸਲਾਹ • ਪੰਜਾਬੀ ਅਤੇ ਅੰਗਰੇਜ਼ੀ ਬੋਲਦੇ ਹਾਂ

604.590.9747
#211-8334-128 ST., SURREY

ਬਲਰਾਜ ਸਿੰਘ ਗਿੱਲ
R.D. BSc.
Registered Denturist
www.newtondentures.ca

YOUR NEIGHBOURHOOD LAWYER

Rishi Law Corporation

ਇਮੀਗਰੇਸ਼ਨ ਲਾਅ
* ਇਮੀਗ੍ਰੈਸ਼ਨ ਅਪੀਲਜ਼
* ਰਫਿਊਜ਼ੀ ਕਲੇਮਜ਼
* ਪਤੀ/ਪਤਨੀ ਦੀ ਸਪੌਂਸਰਸ਼ਿਪ
* ਮਾਪਿਆਂ ਦੀ ਸਪਾਂਸਰਸ਼ਿਪ
* ਸੁਪਰ ਵੀਜ਼ਾ
* ਸਿਟੀਜ਼ਨਸ਼ਿੱਪ ਐਪਲੀਕੇਸ਼ਨ
* PR ਕਾਰਡ ਐਪਲੀਕੇਸ਼ਨ

IMMIGRATION LAW
Immigration Appeals
Refugee Claims
Spousal Sponsorship
Parents Sponsorship
Super Visa
Citizenship
P.R. Cards

ਅਸੀਂ ਪੰਜਾਬੀ / ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

ਰੀਅਲ ਐਸਟੇਟ
* ਜਾਈਦਾਦ ਖਰੀਦਣਾ ਅਤੇ ਵੇਚਣਾ
* ਮੌਰਟਗੇਜ਼/ਲਾਇਨ ਆਫ ਕਰੈਡਿਟ

REAL ESTATE
Property Purchase/Sale
Mortgage/Line of Credi
Probate

ਕ੍ਰਿਮੀਨਲ ਲਾਅ
* ਹਮਲੇ ਦੇ ਦੋਸ਼
* ਡਰੱਗ ਦੇ ਚਾਰਜ
* ਚੋਰੀ/ਧੋਖਾਧੜੀ
* ਧਮਕੀਆਂ ਦੇਣਾ
* ਡਰਾਇੰਗ ਦੇ ਅਪਰਾਧ

CRIMINAL LAW
Assault Charges
Drug Charges
Theft/Fraud
Uttering Threats
Driving Offences
DIVORCES
PROBATE



Narinder Rishi
Barrister, Solicitor & Notary Public
Email: nkrishi@yahoo.com

ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ ਵੀ ਦਿੰਦੇ ਹਾਂ!

ਵਧੀਆ ਸੇਵਾਵਾਂ ਲਈ 2 ਲੁਕੇਸ਼ਨਾਂ :

ਵੈਨਕੂਵਰ ਦਫਤਰ
604-322-5515
6625, ਫਰੇਜ਼ਰ ਸਟਰੀਟ

ਸਰੀ ਦਫਤਰ
604-505-6454
#102-9360-120 ਸਟਰੀਟ



ਹਰ ਤਰ੍ਹਾਂ ਦੀ ਤਸੱਲੀਬਖਸ਼ ਰੈਨੋਵੇਸ਼ਨ ਕਰਵਾਉਂਣ
ਲਈ ਯਾਦ ਰੱਖੋ ਇਕ ਇਕੋ ਇਕ ਨਾਮ

ਗੁਰਬਾਜ ਰੈਨੋਵੇਸ਼ਨ

* ਫਰੇਮਿੰਗ
* ਡਰਾਈਵਾਲ
* ਪੇਟਿੰਗ
* ਟਾਈਲਜ਼
* ਲੈਮੀਨੇਟ
* ਪਲਬਿੰਗ
* ਕਾਰਪੈਟ
* ਡੋਰ ਮੋਲਡਿੰਗ
* ਸਨਡੈਕ
* ਰਿਪੇਅਰ
* ਸਨਡੈਕ ਵਾਇਨਲ ਡੈਕਿੰਗ

GURBAAJ
RENOVATION LTD.

ਮੁਫਤ ਐਸਟੀਮੇਟ ਲਈ ਸੰਪਰਕ ਕਰੋ:
778-713-2236 ਜਾਂ
604-376-0201

# ਸਰੀ ਦੀ ਮੇਅਰ ਬਰੈਂਡਾ ਲੌਕ ਫਿਰੌਤੀ ਪੀੜਤਾਂ ਦਾ ਦਰਦ ਲੈਕੇ ਔਟਵਾ ਪਹੁੰਚੀ

ਸਰੀ, 04 ਫਰਵਰੀ:-ਸਰੀ ਦੀ ਮੇਅਰ ਬਰੈਂਡਾ ਲੌਕ ਸ਼ਹਿਰ ਦੇ ਭਾਰਤੀ ਭਾਈਚਾਰੇ ਦੇ ਕਾਰੋਬਾਰੀਆਂ ਨੂੰ ਮਿਲ ਰਹੀਆਂ ਫਿਰੌਤੀ ਦੀਆਂ ਧਮਕੀਆਂ ਦਾ ਮੁੱਦਾ ਲੈ ਕੇ ਦੇਸ਼ ਦੀ ਰਾਜਧਾਨੀ ਔਟਵਾ ਪਹੁੰਚ ਗਈ ਹੈ। ਉਹ ਫੈਡਰਲ ਸਰਕਾਰ 'ਤੇ ਇਸ ਗੱਲ ਲਈ ਜ਼ੋਰ ਪਾਏਗੀ ਕਿ ਫਿਰੌਤੀ ਨੂੰ ਸਿਰਫ਼ ਕੁਝ ਸ਼ਹਿਰਾਂ ਤੱਕ ਸੀਮਤ ਨਾ ਸਮਝ ਕੇ ਇੱਕ ਕੌਮੀ ਸਮੱਸਿਆ ਵਜੋਂ ਦੇਖਿਆ ਜਾਵੇ ਅਤੇ ਇਸ ਦੇ ਸਥਾਈ ਹੱਲ ਲਈ ਦੇਸ਼ ਵਿੱਚ ਹੰਗਾਮੀ



ਸਥਿਤੀ ਐਲਾਨੀ ਜਾਵੇ।

ਮੇਅਰ ਨੇ ਪੀੜਤਾਂ ਨਾਲ ਵਾਪਰੀਆਂ ਸਾਰੀਆਂ ਘਟਨਾਵਾਂ ਦਾ ਪੂਰਾ ਵੇਰਵਾ ਫਾਈਲਾਂ ਦੇ ਰੂਪ ਵਿੱਚ ਤਿਆਰ ਕੀਤਾ ਹੈ, ਜੋ ਸਿੱਧਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਸਾਹਮਣੇ ਰੱਖਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੇਂਦਰ ਸਰਕਾਰ ਨੇ ਸ਼ੁਰੂਆਤ ਵਿੱਚ ਹੀ ਇਸ ਰੁਝਾਨ ਨੂੰ ਗੰਭੀਰਤਾ ਨਾਲ ਲਿਆ ਹੁੰਦਾ, ਤਾਂ ਹਾਲਾਤ ਅੱਜ ਇੰਨੇ ਨਾ ਵਿਗੜਦੇ।

ਔਟਵਾ ਰਵਾਨਾ ਹੋਣ ਤੋਂ ਪਹਿਲਾਂ ਮੇਅਰ ਲੌਕ ਨੇ ਫਿਰੌਤੀ ਪੀੜਤਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੇ ਦਰਦ ਦੀ ਪੰਡ ਚੁੱਕ ਕੇ ਰਾਜਧਾਨੀ ਜਾ ਰਹੀ ਹੈ ਅਤੇ ਕਿਸੇ ਠੋਸ ਹੱਲ ਦੇ ਭਰੋਸੇ ਤੋਂ ਬਿਨਾਂ ਖਾਲੀ ਹੱਥ ਵਾਪਸ ਨਹੀਂ ਆਵੇਗੀ।

ਇਸ ਦੌਰਾਨ ਉਨ੍ਹਾਂ ਸਰੀ ਤੋਂ ਚੁਣੇ ਹੋਏ ਪਾਰਲੀਮੈਂਟ ਮੈਂਬਰਾਂ (MPs) ਦੀ ਚੁੱਪ 'ਤੇ ਡੂੰਘੇ ਦੁੱਖ ਅਤੇ ਹੈਰਾਨੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਡੇਢ-ਦੋ ਸਾਲਾਂ ਤੋਂ ਚੱਲ ਰਹੇ ਇਸ ਗੰਭੀਰ ਮੁੱਦੇ ਬਾਰੇ ਕਿਸੇ ਵੀ ਸਾਂਸਦ ਨੇ ਕੇਂਦਰ ਸਰਕਾਰ 'ਤੇ ਦਬਾਅ ਨਹੀਂ ਬਣਾਇਆ, ਜਦਕਿ ਲੋਕ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਹੀ ਵੋਟਾਂ ਪਾਉਂਦੇ ਹਨ।

ਮੇਅਰ ਨੇ ਆਪਣੀ ਦ੍ਰਿੜਤਾ ਦੁਹਰਾਉਂਦਿਆਂ ਕਿਹਾ ਕਿ ਚਾਹੇ ਉਨ੍ਹਾਂ ਨੂੰ ਉੱਥੇ ਕਿੰਨੇ ਵੀ ਦਿਨ ਰੁਕਣਾ ਪਵੇ, ਉਹ ਇਨਸਾਫ਼ ਲੈ ਕੇ ਹੀ ਪਰਤਣਗੇ।




## ਜੂਨੀਅਰ ਹਾਕੀ ਟੀਮ ਦੇ ਤਿੰਨ ਖਿਡਾਰੀਆਂ ਦੀ ਸੜਕ ਹਾਦਸੇ 'ਚ ਮੌਤ



***ਕੈਲਗਰੀ, 03 ਫਰਵਰੀ:***-*ਐਲਬਰਟਾ ਵਿੱਚ ਸਟੈਵਲੀ ਕੋਲ ਹੋਏ ਟਰੱਕ ਤੇ ਕਾਰ ਦੀ ਸਿੱਧੀ ਟੱਕਰ ਵਿੱਚ ਜੂਨੀਅਰ ਹਾਕੀ ਟੀਮ ਦੇ ਤਿੰਨ ਖਿਡਾਰੀਆਂ ਦੀ ਮੌਤ ਹੋ ਗਈ। ਜਦੋਂ ਹਾਈਵੇਅ 2 'ਤੇ 55 ਐਵੇਨਿਊ ਨੇੜੇ ਹਾਦਸਾ ਵਾਪਰਿਆ, ਉਹ ਟੀਮ ਸਮੇਤ ਪ੍ਰੈਕਿਟਸ ਲਈ ਜਾ ਰਹੇ ਸਨ। ਹਾਦਸੇ ਦੌਰਾਨ ਦੋ ਖਿਡਾਰੀਆਂ ਨੇ ਡਾਕਟਰੀ ਮਦਦ ਮਿਲਣ ਤੋਂ ਪਹਿਲਾਂ ਦਮ ਤੋੜ ਦਿੱਤਾ ਜਦ ਕਿ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਤੀਜੇ ਨੌਜਵਾਨ ਦੀ ਵੀ ਹਸਪਤਾਲ 'ਚ ਮੌਤ ਹੋ ਗਈ। ਪੁਲੀਸ ਵਲੋਂ ਤਿੰਨਾਂ ਦੀ ਪਛਾਣ ਕੇਡਨ ਫਾਈਨ (17), ਜੇਜੇ ਵਿੰਗਰ (18) ਅਤੇ ਕੈਮਰਨ ਕੈਸੋਰਸੋ (18) ਵਜੋਂ ਜਾਰੀ ਕੀਤੀ ਗਈ ਹੈ। ਵਿੰਗਰ ਖੱਬੂ ਤੇ ਕੈਮਰਨ ਨੂੰ ਗੋਲ ਕੀਪਰ ਵਜੋਂ ਖੇਡਣ ਦੇ ਮੁਹਾਰਤੀ ਸਨ ਤੇ ਦੋਵੇਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੈਮਲੂਪ ਦੇ ਰਹਿਣ ਵਾਲੇ ਸਨ। ਫਾਈਨ ਅਮਰੀਕਨ ਸ਼ਹਿਰ ਅਲਬਾਮਾ ਦਾ ਰਹਿਣ ਵਾਲਾ ਸੀ। ਵੇਰਵਿਆਂ ਅਨੁਸਾਰ ਹਾਦਸੇ ਮੌਕੇ ਕਾਰ 'ਚ 5 ਵਿਅਕਤੀ ਸਵਾਰ ਸਨ। ਪੁਲੀਸ ਵਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਟਰੱਕ ਡਰਾਇਵਰ ਨੂੰ ਕੁਝ ਸੱਟਾਂ ਲੱਗੀਆਂ। ਟੀਮ ਮੈਨੇਜਰ ਮੁਸਤੰਗ ਨੇ ਹਾਦਸੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰ ਹੋਏ ਕਿਹਾ ਕਿ ਟੀਮ ਇੱਕ ਪਰਿਵਾਰ ਤਰ੍ਹਾਂ ਸੀ, ਜਿਸ ਨੂੰ ਇੰਨੇ ਚੰਗੇ ਖਿਡਾਰੀਆਂ ਦੀ ਘਾਟ ਹਮੇਸ਼ਾ ਮਹਿਸੂਸ ਹੋਵੇਗੀ।*







Celebrate Love this
Valentines Day at
FRASERVIEW
BANQUET HALL
FRI
13
FEB
2026
SECURE YOUR SPOT NOW!
LIMITED TIME PRICE
$45/PERSON
BUY NOW
LIMITED TIME PRICE
$80/COUPLE
DOORS OPEN 6:30 PM
LIVE BAND
BOLLYWOOD DANCE
DJ
APPIES
GRAND BUFFET
DESSERT
CASH BAR
TICKETS ON
EVENTBRITE.CA
OR CALL :(604) 322-6526
8240 FRASER ST VANCOUVER BC V5X3X6


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Ashok
Butch
Perry

# ਫਿਰੌਤੀ ਸੰਕਟ ਦੇ ਮਾਮਲੇ 'ਚ ਸਰੀ ਦੇ ਵਸਨੀਕ ਨੇ 500 ਲੋਕਾਂ ਲਈ ਐਮਰਜੈਂਸੀ ਅਸਲਾ ਲਾਇਸੈਂਸਾਂ ਦੀ ਮੰਗ ਕੀਤੀ

**ਸਰੀ, 04 ਫਰਵਰੀ:-**ਸਰੀ ਸ਼ਹਿਰ ਦੇ ਇੱਕ ਵਸਨੀਕ ਨੇ ਸ਼ਹਿਰ ਵਿੱਚ ਫਿਰੌਤੀ ਨਾਲ ਸਬੰਧਤ ਹਿੰਸਾ ਦੀ ਵਧਦੀ ਲਹਿਰ ਵਿਰੁੱਧ ਨਾਗਰਿਕਾਂ ਨੂੰ ਹਥਿਆਰਬੰਦ ਹੋਣ ਲਈ 500 ਬੰਦੂਕ ਲਾਇਸੈਂਸ ਜਲਦੀ ਜਾਰੀ ਕਰਨ ਦੀ ਮੰਗ ਕਰਕੇ ਵਿਵਾਦ ਛੇੜ ਦਿੱਤਾ ਹੈ। ਵਿਕਰਮ ਬਾਜਵਾ ਨੇ ਪ੍ਰੀਮੀਅਰ ਡੇਵਿਡ ਏਬੀ ਨੂੰ ਇੱਕ ਸਖ਼ਤ ਸ਼ਬਦਾਂ ਵਿੱਚ ਕੀਤੀ ਅਪੀਲ ਵਿੱਚ ਆਪਣੇ ਅਤੇ ਹੋਰ ਪ੍ਰਭਾਵਿਤ ਵਸਨੀਕਾਂ ਲਈ 'ਪੋਸੈਸ਼ਨ ਐਂਡ ਐਕੁਜੀਸ਼ਨ ਲਾਇਸੈਂਸ' (PAL) ਨੂੰ ਤੇਜ਼ੀ ਨਾਲ ਜਾਰੀ ਕਰਨ ਲਈ ਇੱਕ ਐਮਰਜੈਂਸੀ ਬਿੱਲ ਲਿਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸਥਿਤੀ ਨੂੰ ਇੰਨਾ ਗੰਭੀਰ ਦੱਸਿਆ ਕਿ ਖਤਰਿਆਂ ਦਾ ਟਾਕਰਾ ਕਰਨ ਲਈ ਲੋਕਾਂ ਨੂੰ "ਬੀ.ਸੀ. ਵਿਜੀਲਾਂਟੇ ਕਾਊਬੁਆਏ" (ਖੁਦ ਕਾਨੂੰਨ ਹੱਥ ਵਿੱਚ ਲੈਣ ਵਾਲੇ) ਬਣਨਾ ਪਵੇਗਾ। ਕੋਸਟ ਮਾਊਂਟੇਨ ਨਿਊਜ਼ ਦੀ ਇੱਕ ਰਿਪੋਰਟ ਵਿੱਚ ਬਾਜਵਾ ਦੇ ਹਵਾਲੇ ਨਾਲ ਕਿਹਾ ਗਿਆ ਕਿ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਇਸ ਹਿੰਸਾ ਦਾ ਜਵਾਬ ਦੇਣ ਲਈ ਸਾਨੂੰ ਵਿਜੀਲਾਂਟੇ ਕਾਊਬੁਆਏ ਬਣਨਾ ਪਵੇਗਾ। ਉਨ੍ਹਾਂ ਨੇ ਡਰ ਦੇ ਸਾਏ ਹੇਠ ਰੋਜ਼ਾਨਾ ਜੀਵਨ ਦੀ ਇੱਕ ਭਿਆਨਕ ਤਸਵੀਰ ਪੇਸ਼ ਕਰਦਿਆਂ ਕਿਹਾ ਕਿ ਪਰਿਵਾਰ ਆਪਣੀ ਆਵਾਜਾਈ ਨੂੰ ਸੀਮਤ ਕਰ ਰਹੇ ਹਨ, ਸਮਾਜਿਕ ਸਮਾਗਮਾਂ ਤੋਂ ਬਚ ਰਹੇ ਹਨ ਅਤੇ ਲਗਾਤਾਰ ਚਿੰਤਾ ਵਿੱਚ ਜੀਅ ਰਹੇ ਹਨ।



ਬਾਜਵਾ ਨੇ ਕਿਹਾ ਕਿ ਜੇ ਕੋਈ ਮੈਨੂੰ ਫੋਨ ਕਰਕੇ 5 ਲੱਖ ਡਾਲਰ ਮੰਗਦਾ ਹੈ ਅਤੇ ਇੱਕ ਹਫ਼ਤੇ ਵਿੱਚ ਪੈਸੇ ਨਾ ਦੇਣ 'ਤੇ ਬੱਚੇ ਨੂੰ ਅਗਵਾ ਕਰਨ ਦੀ ਧਮਕੀ ਦਿੰਦਾ ਹੈ, ਤਾਂ ਮੈਂ ਆਪਣੇ ਬੱਚੇ ਨੂੰ ਕੀ ਕਹਾਂ ਕਿ ਸਕੂਲ ਨਾ ਜਾਵੇ, ਜਾਂ ਆਪਣੀ ਪਤਨੀ ਨੂੰ ਕਹਾਂ ਕਿ ਉਹ ਸਟੋਰ 'ਤੇ ਨਾ ਜਾਵੇ ਅਤੇ ਗਹਿਣੇ ਨਾ ਪਾਵੇ। ਬਾਜਵਾ ਨੇ ਦੱਸਿਆ ਕਿ ਸਰੀ ਵਿੱਚ 15 ਜਨਵਰੀ, 2026 ਤੋਂ ਹੁਣ ਤੱਕ ਫਿਰੌਤੀ ਨਾਲ ਸਬੰਧਤ ਗੋਲੀਬਾਰੀ ਦੀਆਂ ਚਾਰ ਘਟਨਾਵਾਂ ਵਾਪਰ ਚੁੱਕੀਆਂ ਹਨ, ਅਤੇ ਸਾਲ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਚਾਰ ਹੋਰ ਗੋਲੀਬਾਰੀ ਅਤੇ 34 ਫਿਰੌਤੀ ਦੇ ਮਾਮਲੇ ਦਰਜ ਹੋਏ ਹਨ।

ਉਨ੍ਹਾਂ ਕਿਹਾ ਕਿ ਖਾਸ ਤੌਰ 'ਤੇ ਸਾਲਾਨਾ ਪੰਜ ਲੱਖ ਡਾਲਰ ਤੋਂ ਵੱਧ ਕਮਾਉਣ ਵਾਲੇ ਕਾਰੋਬਾਰੀ ਸਭ ਤੋਂ ਵੱਧ ਨਿਸ਼ਾਨੇ 'ਤੇ ਹਨ। ਬਾਜਵਾ ਨੇ ਸਮਝਾਇਆ ਕਿ 500 ਲਾਇਸੈਂਸਾਂ ਦਾ ਅੰਕੜਾ ਜਾਣਬੁੱਝ ਕੇ ਚੁਣਿਆ ਗਿਆ ਹੈ ਕਿਉਂਕਿ ਇਹ ਲੋਅਰ ਮੇਨਲੈਂਡ ਵਿੱਚ ਚੈਂਬਰ ਆਫ ਕਾਮਰਸ ਦੇ ਲਗਭਗ 1,800 ਮੈਂਬਰਾਂ ਦਾ ਚੌਥਾ ਹਿੱਸਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਹਥਿਆਰਬੰਦ ਕਰਨ ਨਾਲ ਭਾਈਚਾਰੇ ਵਿੱਚ ਵਿਸ਼ਵਾਸ ਬਹਾਲ ਹੋਵੇਗਾ, ਜੋ ਪੁਲੀਸ 'ਤੇ ਭਰੋਸਾ ਹੋਣ ਦੇ ਬਾਵਜੂਦ ਇਸ ਵੇਲੇ ਗਾਇਬ ਹੈ।

ਬਾਜਵਾ ਨੇ ਕਿਹਾ ਕਿ ਜੇਕਰ ਮੈਨੂੰ ਧਮਕੀ ਮਿਲਦੀ ਹੈ ਅਤੇ ਮੈਂ ਰਿਪੋਰਟ ਕਰਦਾ ਹਾਂ, ਤਾਂ ਪੁਲੀਸ ਮੇਰੇ ਘਰ ਦੇ ਸਾਹਮਣੇ 24 ਘੰਟੇ ਗੱਡੀ ਖੜ੍ਹੀ ਨਹੀਂ ਕਰ ਸਕਦੀ, ਇਸ ਲਈ ਮੈਂ ਆਪਣੀ ਸੁਰੱਖਿਆ ਲਈ ਖੁਦ ਨੂੰ ਹਥਿਆਰਬੰਦ ਕਰਾਂਗਾ ਕਿਉਂਕਿ ਜਦੋਂ ਗੈਂਗਸਟਰਾਂ ਨੂੰ ਪਤਾ ਲੱਗੇਗਾ ਕਿ ਮੈਂ ਹਥਿਆਰਬੰਦ ਹਾਂ, ਤਾਂ ਉਹ ਮੇਰੇ ਘਰ ਨਹੀਂ ਆਉਣਗੇ। ਉਨ੍ਹਾਂ ਨੋਟ ਕੀਤਾ ਕਿ ਲਾਇਸੈਂਸ ਲੈਣ ਦੀ ਮੌਜੂਦਾ ਪ੍ਰਕਿਰਿਆ ਬਹੁਤ ਲੰਬੀ ਹੈ, ਜੋ ਅਕਸਰ 45 ਦਿਨਾਂ ਤੋਂ ਲੈ ਕੇ 90-120 ਦਿਨਾਂ ਤੱਕ ਦੀ ਹੈ। ਬਾਜਵਾ ਨੇ ਅਮਰੀਕਾ ਦੇ ਸਵੈ-ਰੱਖਿਆ ਕਾਨੂੰਨਾਂ ਨਾਲ ਤੁਲਨਾ ਕਰਦਿਆਂ ਸਵਾਲ ਕੀਤਾ ਕਿ ਜੇ ਇਹ ਅਮਰੀਕਾ ਵਿੱਚ ਕੰਮ ਕਰ ਸਕਦਾ ਹੈ ਤਾਂ ਬੀ.ਸੀ. ਵਿੱਚ ਕਿਉਂ ਨਹੀਂ? ਹਾਲਾਂਕਿ, ਅਧਿਕਾਰੀਆਂ ਨੇ ਇਸ ਪ੍ਰਸਤਾਵ ਦਾ ਤੁਰੰਤ ਵਿਰੋਧ ਕੀਤਾ। ਬੀ.ਸੀ. ਦੀ ਜਨਤਕ ਸੁਰੱਖਿਆ ਮੰਤਰੀ ਨੀਨਾ ਕ੍ਰੀਗਰ ਨੇ ਐਕਸ (X) 'ਤੇ ਕਿਹਾ ਕਿ ਵਿਜੀਲਾਂਟਿਜ਼ਮ (ਖੁਦ ਕਾਨੂੰਨ ਹੱਥ ਵਿੱਚ ਲੈਣਾ) ਕਦੇ ਵੀ ਅਪਰਾਧਾਂ ਦਾ ਹੱਲ ਨਹੀਂ ਹੈ ਅਤੇ ਜੇਕਰ ਲੋਕ ਜਵਾਬੀ ਕਾਰਵਾਈ ਵਿੱਚ ਹਥਿਆਰਾਂ ਦੀ ਵਰਤੋਂ ਕਰਦੇ ਹਨ, ਤਾਂ ਉਨ੍ਹਾਂ ਵਿਰੁੱਧ ਪੁਲੀਸ ਜਾਂਚ ਅਤੇ ਅਪਰਾਧਿਕ ਮਾਮਲੇ ਦਰਜ ਹੋ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਹਥਿਆਰਾਂ ਦਾ ਲਾਇਸੈਂਸ ਫੈਡਰਲ ਅਧਿਕਾਰ ਖੇਤਰ ਵਿੱਚ ਆਉਂਦਾ ਹੈ ਅਤੇ ਸਰਕਾਰ ਫਿਰੌਤੀ ਵਿਰੁੱਧ ਪੁਲਿਸ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ।











Your One-Stop shop for all products
Experience the future with TELUS
Mobile, Internet, TV & Security
TELUS
Authorized Dealer
Optik TV
Un-Advertised discounts not displayed online
TELUS
Optik TV
PureFibre Internet
Latest Wi-Fi 7 Technology
Home Security
Special discounts for Surrey & surrounding area homes
SERVING SURREY & SURROUNDING AREA WITH EXPERT ADVICE
Galaxy S25 Ultra
iPhone 17 Pro Max
Pixel 10 Pro XL
Open Connection
7380 King George Boulevard, Surrey
604-866-2458

# ਜ਼ਬਰਨ ਖ਼ਿਲਾਫ਼ ਕਾਰਵਾਈ ਸਬੰਧੀ ਪ੍ਰੀਮੀਅਰ ਤੇ ਮੰਤਰੀ ਦਾ ਬਿਆਨ

**ਵਿਕਟੋਰੀਆ, 04 ਫਰਵਰੀ:-** ਜ਼ਬਰਨ ਵਸੂਲੀ ਖ਼ਿਲਾਫ਼ ਕਾਰਵਾਈ ਦੇ ਸਿਲਸਿਲੇ ਵਿੱਚ ਪ੍ਰੀਮੀਅਰ ਡੇਵਿਡ ਈਬੀ ਅਤੇ ਸੌਲਿਸਿਟਰ ਜਨਰਲ ਅਤੇ ਜਨਤਕ ਸੁਰੱਖਿਆ ਮੰਤਰੀ, ਨੀਨਾ ਕਰੀਗਰ ਨੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਹੈ: "ਅਸੀਂ ਇੱਕ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਜੋ ਕਾਰੋਬਾਰਾਂ ਤੋਂ ਜਬਰਨ ਵਸੂਲੀ ਅਤੇ ਘਰਾਂ 'ਤੇ ਗੋਲੀਬਾਰੀ ਕਰਨ ਵਾਲੇ ਅਪਰਾਧੀਆਂ ਕਾਰਨ ਪੈਦਾ ਹੋਇਆ ਹੈ। "ਹੋ ਸਕਦਾ ਹੈ ਤੁਸੀਂ ਖੁਦ ਪੀੜਤ ਹੋਵੋ, ਕਿਸੇ ਪੀੜਤ ਨੂੰ ਜਾਣਦੇ ਹੋਵੋ, ਜਾਂ ਆਪਣੇ ਇਲਾਕੇ ਵਿੱਚ ਗੋਲੀਆਂ ਦੀਆਂ ਆਵਾਜ਼ਾਂ ਸੁਣੀਆਂ ਹੋਣ। ਤਿੰਨ ਬੱਚਿਆਂ ਦੇ ਪਿਤਾ ਵਜੋਂ, ਮੈਂ ਜਾਣਦਾ ਹਾਂ ਕਿ ਘਰ ਦੀ ਸੁਰੱਖਿਆ ਹਰ ਪਰਿਵਾਰ ਲਈ ਬਹੁਤ ਜ਼ਰੂਰੀ ਹੁੰਦੀ ਹੈ। ਇਹ ਸਭ ਤੋਂ ਬੁਨਿਆਦੀ ਲੋੜ ਹੈ। "ਜਿਨ੍ਹਾਂ ਲੋਕਾਂ ਨੇ ਧਮਕੀਆਂ ਮਿਲਣ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਹਨ, ਉਨ੍ਹਾਂ ਦੀਆਂ ਗੱਲਾਂ 'ਤੇ ਫੌਰੀ ਧਿਆਨ ਦੇਣਾ ਲਾਜ਼ਮੀ ਹੈ। ਭਾਈਚਾਰੇ ਦੇ ਮੈਂਬਰਾਂ ਵੱਲੋਂ ਦਿੱਤੀ ਜਾਣਕਾਰੀ ਨੂੰ ਤੁਰੰਤ ਪ੍ਰਾਪਤ ਕਰਕੇ ਤਫ਼ਤੀਸ਼ਾਂ ਦਾ ਹਿੱਸਾ ਬਣਾਇਆ ਜਾਣਾ ਬਹੁਤ ਮਹੱਤਵਪੂਰਨ ਹੈ। ਇਸ ਕਰਕੇ ਅਸੀਂ ਜਬਰਨ ਵਸੂਲੀ ਬਾਰੇ ਇੱਕ ਭਾਈਚਾਰਕ ਸਲਾਹਕਾਰ ਗਰੁੱਪ ਬਣਾਉਣ ਜਾ ਰਹੇ ਹਾਂ, ਤਾਂ ਜੋ ਭਾਈਚਾਰੇ ਅਤੇ ਪੁਲਿਸ ਵਿਚਕਾਰ ਮੌਜੂਦ ਕਿਸੇ ਵੀ ਕਮੀ ਨੂੰ ਦੂਰ ਕਰਕੇ ਇਸ ਅਪਰਾਧ ਨੂੰ ਹੱਲ ਕੀਤਾ ਜਾ ਸਕੇ।

ਇਸ ਗਰੁੱਪ ਦੀ ਅਗਵਾਈ ਪਾਲ ਡਡਵਾਲ ਕਰਨਗੇ। ਉਨ੍ਹਾਂ ਕੋਲ ਪੁਲਿਸ ਦਾ ਲੰਮਾ ਉੱਚ ਪੱਧਰੀ ਤਜਰਬਾ ਹੈ, ਜਿਸ ਵਿੱਚ 'ਕੰਬਾਇੰਡ ਫ਼ੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਆਫ਼ ਬ੍ਰਿਟਿਸ਼ ਕੋਲੰਬੀਆ' ਵਿੱਚ ਕੰਮ ਕਰਨਾ ਵੀ ਸ਼ਾਮਲ ਹੈ। ਉਹ ਜਾਣਦੇ ਹਨ ਕਿ ਅਪਰਾਧ ਦਾ ਮੁਕਾਬਲਾ ਕਿਵੇਂ ਕੀਤਾ ਜਾਂਦਾ ਹੈ ਅਤੇ ਭਾਈਚਾਰੇ ਨਾਲ ਮਜ਼ਬੂਤ ਸੰਪਰਕ ਕਿਵੇਂ ਬਣਾਇਆ ਜਾਂਦਾ ਹੈ। ਉਹ ਇਸ ਪ੍ਰਕਿਰਿਆ ਦੀ ਅਗਵਾਈ ਕਰਨਗੇ, ਯਕੀਨੀ ਬਣਾਉਂਦੇ ਹੋਏ ਕਿ ਪੁਲਿਸਿੰਗ, ਭਾਈਚਾਰੇ ਅਤੇ ਤਾਲਮੇਲ ਨਾਲ ਸੰਬੰਧਤ ਸਾਰੇ ਵਿਚਾਰਾਂ ਦੀ ਪੂਰੀ ਸਮੀਖਿਆ ਹੋਵੇ ਅਤੇ ਉਹ ਜਾਣਕਾਰੀ ਪੁਲਿਸ ਤੱਕ ਪਹੁੰਚੇ, ਤਾਂ ਕਿ ਅਸੀਂ ਇਸ ਅਪਰਾਧ ਦੇ ਖ਼ਿਲਾਫ਼ ਹਰ ਸੰਭਵ ਕਦਮ ਚੁੱਕ ਸਕੀਏ। "ਸਾਡੀ ਸਰਕਾਰ ਵੀ ਤੁਹਾਡੀ ਗੱਲ ਸੁਣ ਰਹੀ ਹੈ। ਮੈਂ ਚਾਹੁੰਦਾ ਹਾਂ ਤੁਸੀਂ ਜਾਣੋ ਕਿ ਇਹ ਮੁੱਦਾ ਸਾਡੇ ਲਈ ਜਨਤਕ ਸੁਰੱਖਿਆ ਦੀ ਸਭ ਤੋਂ ਵੱਡੀ ਤਰਜੀਹ ਹੈ, ਅਤੇ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਇਹ ਪੁਲਿਸ ਅਤੇ ਫੈਡਰਲ ਸਰਕਾਰ ਦੀ ਤਰਜੀਹ ਸੂਚੀ ਵਿੱਚ ਸਭ ਤੋਂ ਉੱਪਰ ਹੋਵੇ"। ਸੌਲਿਸਿਟਰ ਜਨਰਲ ਅਤੇ ਜਨਤਕ ਸੁਰੱਖਿਆ ਮੰਤਰੀ, ਨੀਨਾ ਕਰੀਗਰ ਨੇ ਕਿਹਾ: "ਸਰ੍ਹੀ ਦੇ ਲੋਕਾਂ ਅਤੇ ਉਹਨਾਂ ਸਾਰੇ ਭਾਈਚਾਰਿਆਂ ਦੀ ਸੁਰੱਖਿਆ, ਜਿਨ੍ਹਾਂ ਨੂੰ ਜਬਰਨ ਵਸੂਲੀ ਦਾ ਨਿਸ਼ਾਨਾ ਬਣਾਇਆ ਗਿਆ ਹੈ, ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਅਸੀਂ ਜਾਣਦੇ ਹਾਂ ਕਿ ਜਬਰਨ ਵਸੂਲੀ ਦੀਆਂ ਘਟਨਾਵਾਂ ਉਹਨਾਂ ਪਰਿਵਾਰਾਂ, ਕਾਰੋਬਾਰਾਂ ਅਤੇ ਇਲਾਕਿਆਂ ਲਈ ਬਹੁਤ ਚਿੰਤਾ ਪੈਦਾ ਕਰ ਰਹੀਆਂ ਹਨ, ਜਿਨ੍ਹਾਂ ਨੂੰ ਇਹ ਅਪਰਾਧ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। "ਜਬਰਨ ਵਸੂਲੀ ਬਾਰੇ ਇਹ ਭਾਈਚਾਰਕ ਸਲਾਹਕਾਰ ਗਰੁੱਪ ਇਸ ਲਈ ਤਿਆਰ ਕੀਤਾ ਜਾ ਰਿਹਾ ਹੈ, ਤਾਂ ਕਿ ਭਾਈਚਾਰੇ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਜਿਸ ਵਿੱਚ ਬੀ.ਸੀ. ਐਕਸਟੋਰਸ਼ਨ ਟਾਸਕ ਫੋਰਸ ਅਤੇ ਸਥਾਨਕ ਪੁਲਿਸ ਵੀ ਸ਼ਾਮਲ ਹਨ, ਦੇ ਵਿਚਕਾਰ ਤਾਲਮੇਲ ਅਤੇ ਭਰੋਸੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਇਹ ਸਲਾਹਕਾਰ ਗਰੁੱਪ ਭਾਈਚਾਰੇ ਦੀਆਂ ਚਿੰਤਾਵਾਂ ਸੁਣੇਗਾ, ਨਵੇਂ ਉਭਰਦੇ ਮੁੱਦਿਆਂ ਦੀ ਪਛਾਣ ਕਰੇਗਾ ਅਤੇ ਉਹਨਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਸਰਕਾਰ ਤੱਕ ਪਹੁੰਚਾਏਗਾ, ਤਾਂ ਜੋ ਲੋਕਾਂ ਨੂੰ ਸੁਣਨ, ਸਹਿਯੋਗ ਦੇਣ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ। ਇਹ ਗਰੁੱਪ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਭਾਈਚਾਰੇ ਨਾਲ ਜਾਣਕਾਰੀ ਸਾਂਝੀ ਕਰਨ ਵਿੱਚ ਵੀ ਮਦਦ ਕਰੇਗਾ। "ਜਬਰਨ ਵਸੂਲੀ ਨੂੰ ਨਿਸ਼ਾਨਾ ਬਣਾਉਣ ਲਈ ਚੱਲ ਰਹੀਆਂ ਕਾਰਵਾਈਆਂ ਨੂੰ ਹੋਰ ਮਜ਼ਬੂਤ ਕਰਨ ਲਈ, ਸੂਬੇ ਨੇ ਫੈਡਰਲ ਸਰਕਾਰ ਨਾਲ ਸਫਲਤਾਪੂਰਵਕ ਮੰਗ ਕੀਤੀ ਹੈ ਕਿ ਵਧੇਰੇ ਪੁਲਿਸ ਅਧਿਕਾਰੀ ਮੁਹੱਈਆ ਕਰਵਾਏ ਜਾਣ, ਅਤੇ ਆਰ.ਸੀ.ਐਮ.ਪੀ. ਦੀ ਹੈਲੀਕਾਪਟਰ ਸਹਾਇਤਾ ਵਧਾਈ ਜਾਵੇ। ਜਬਰਨ ਵਸੂਲੀ ਨਾਲ ਪ੍ਰਭਾਵਿਤ ਕੈਨੇਡਾ ਭਰ ਦੇ ਭਾਈਚਾਰਿਆਂ ਦੇ ਸੂਬਾਈ ਪੁਲਿਸ ਆਗੂਆਂ ਦੀ ਇੱਕ ਰਾਸ਼ਟਰੀ ਮੀਟਿੰਗ ਆਉਣ ਵਾਲੇ ਹਫ਼ਤਿਆਂ ਵਿੱਚ ਹੋਵੇਗੀ।

"ਅਸੀਂ ਓਟਾਵਾ ਤੋਂ ਵਧੇਰੇ ਲਾਗੂਕਰਨ ਸਹਾਇਤਾ ਅਤੇ ਅਪਰਾਧਕ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਉਹ ਬਦਲਾਅ ਮੰਗਦੇ ਰਹਾਂਗੇ, ਜਿਨ੍ਹਾਂ ਨਾਲ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਲੋਕਾਂ ਨੂੰ ਦੇਸ਼ ਤੋਂ ਹਟਾਉਣ ਦੀ ਪ੍ਰਣਾਲੀ ਵਿੱਚ ਮੌਜੂਦ ਕਮੀਆਂ ਖਤਮ ਹੋ ਸਕਣ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਕੈਨੇਡਾ ਤੋਂ ਹਟਾਏ ਗਏ ਲੋਕਾਂ ਦੀ ਪਛਾਣ ਬਾਰੇ ਵਧੇਰੇ ਪਾਰਦਰਸ਼ਤਾ ਹੋਵੇ।

"ਅਸੀਂ ਇਸ ਮੁਸ਼ਕਲ ਸਮੇਂ ਵਿੱਚ ਨਿਵਾਸੀਆਂ ਦੇ ਨਾਲ ਖੜ੍ਹੇ ਰਹਿਣ ਲਈ ਵਚਨਬੱਧ ਹਾਂ। ਉਨ੍ਹਾਂ ਦੀ ਸੁਰੱਖਿਆ ਵੀ ਮਹੱਤਵਪੂਰਨ ਹੈ, ਅਤੇ ਉਨ੍ਹਾਂ ਦੀਆਂ ਆਵਾਜ਼ਾਂ ਵੀ। ਜਦ ਤੱਕ ਜ਼ਿੰਮੇਵਾਰ ਵਿਅਕਤੀਆਂ ਨੂੰ ਜਵਾਬਦੇਹ ਨਹੀਂ ਠਹਿਰਾਇਆ ਜਾਂਦਾ, ਅਸੀਂ ਦ੍ਰਿੜਤਾ ਨਾਲ ਅਤੇ ਮਿਲਜੁਲ ਕੇ ਕਦਮ ਚੁੱਕਦੇ ਰਹਾਂਗੇ।"

## ਸ਼ੋਕ ਸਮਾਚਾਰ



**ਰਣਜੀਤ ਕਟਿਆਲ**

**ਐਤਵਾਰ 8 ਫਰਵਰੀ 2026**
**ਦੁਪਹਿਰ 3:00 ਵਜੇ**
**ਰਿਵਰਸਾਈਡ ਫਿਊਨਰਲ ਹੋਮ**
**7410-ਹਾਪਕੋਟ ਰੋਡ, ਡੈਲਟਾ**


# ਆਈ ਸੀ ਬੀ ਸੀ ਐਡ


JC Optical & Hearing
#109-12565 88 AVE., SURREY
778-564-1020
JCOPTICALANDHEARING.COM
OPEN 7 DAYS A WEEK
VOTED #1 CLINIC IN SURREY
PROUDLY SERVING FROM NEW LOCATION
UNIT B140 3122 MOUNT LEHMAN RD, HIGH STREET SHOPPING CENTRE ABBOTSFORD
PH.: 604.625.7398
GRAND OPENING OFFER
33% OFF
ON SELECTED ITEMS. PLEASE CHECK IN STORE.
$995 FOR A SET OF HEARING AIDS
• Swiss Engineered Hearing Technology
• Any Style - Any Color • Full 3 year warranty
• 3 Years of Batteries Included
• 100% Money Back Guarantee
INTEREST-FREE PAYMENT PLANS AVAILABLE
NOW OPEN
JC Optical & Hearing
12565
OPTICAL
HEARING
778-564-1020
EVENINGS
WEEKENDS
JASON CHEEMA
BC, HIP, RO
Board Certified in
Hearing Instrument Sciences
*Offer valid until quantity last.

# ਇੱਕ ਪੀ ਐੱਮ ਮੈਨੂੰ ਨੋਚਦਾ ਸੀ': ਐਪਸਟਾਈਨ ਆਈਲੈਂਡ ਦੀ ਘਿਣਾਉਣੀ ਖੇਡ; ਪੀੜਤਾ ਦੀ ਕਿਤਾਬ ਤੋਂ ਹੋਏ ਵੱਡੇ ਖ਼ੁਲਾਸੇ

**ਟੋਰਾਂਟੋ, 04 ਫਰਵਰੀ:**-ਜੈਫਰੀ ਐਪਸਟਾਈਨ ਦੀ ਮੌਤ ਨੂੰ ਸੱਤ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਪਰ ਉਸਦੀ ਮੌਤ ਦੇ ਆਲੇ ਦੁਆਲੇ ਦੀ ਸੱਚਾਈ ਦੁਨੀਆ ਨੂੰ ਹੈਰਾਨ ਕਰ ਰਹੀ ਹੈ। ਹੁਣ, ਉਸਦੀ ਮੌਤ ਤੋਂ ਬਾਅਦ ਪ੍ਰਕਾਸ਼ਿਤ ਉਸਦੇ ਇੱਕ ਪੀੜਤ ਦੀ ਆਤਮ-ਕਥਾ ਨੇ ਇੱਕ ਵਾਰ ਫਿਰ ਐਪਸਟਾਈਨ ਨੈਟਵਰਕ ਦੀ ਬੇਰਹਿਮੀ ਅਤੇ ਸ਼ਕਤੀਸ਼ਾਲੀ ਵਿਅਕਤੀਆਂ ਦੀ ਭੂਮਿਕਾ ਬਾਰੇ ਸਵਾਲ ਖੜ੍ਹੇ ਕੀਤੇ ਹਨ। ਪੀੜਤਾ ਦੀ ਆਤਮਕਥਾ ਉਸਦੀ ਮੌਤ ਤੋਂ ਛੇ ਮਹੀਨੇ ਬਾਅਦ ਪ੍ਰਕਾਸ਼ਿਤ ਹੋਈ ਸੀ। 25 ਅਪ੍ਰੈਲ, 2025 ਨੂੰ ਰਿਲੀਜ਼ ਹੋਈ, ਇਸ ਕਿਤਾਬ ਨੇ ਅੰਤਰਰਾਸ਼ਟਰੀ ਪੱਧਰ 'ਤੇ ਹੰਗਾਮਾ ਮਚਾ ਦਿੱਤਾ। ਕਿਤਾਬ ਵਿੱਚ, ਪੀੜਤਾ ਨੇ ਆਪਣੇ ਨਾਲ ਹੋਏ ਜਿਨਸੀ ਅਤੇ ਸਰੀਰਕ ਸ਼ੋਸ਼ਣ ਦਾ ਵੇਰਵਾ ਦਿੱਤਾ। ਉਸਨੇ ਦੱਸਿਆ ਕਿ ਕਿਵੇਂ ਉਸਨੂੰ ਵਾਰ-ਵਾਰ ਅਮੀਰ ਅਤੇ ਸ਼ਕਤੀਸ਼ਾਲੀ ਆਦਮੀਆਂ ਨੂੰ ਪੇਸ਼ ਕੀਤਾ ਗਿਆ।



**'ਮਸ਼ਹੂਰ PM' 'ਤੇ ਗੰਭੀਰ ਦੋਸ਼**

ਕਿਤਾਬ ਦਾ ਸਭ ਤੋਂ ਹੈਰਾਨ ਕਰਨ ਵਾਲਾ ਦਾਅਵਾ ਇੱਕ ਮਸ਼ਹੂਰ ਪ੍ਰਧਾਨ ਮੰਤਰੀ ਨਾਲ ਸਬੰਧਤ ਹੈ। ਪੀੜਤਾ ਲਿਖਦੀ ਹੈ ਕਿ ਇਸ ਆਦਮੀ ਨੇ ਉਸ ਨਾਲ ਬੇਰਹਿਮੀ ਨਾਲ ਜਬਰ ਜਨਾਹ ਕੀਤਾ। ਸੀਐਨਐਨ ਦੀ ਇੱਕ ਰਿਪੋਰਟ ਦੇ ਅਨੁਸਾਰ , ਕਿਤਾਬ ਦੇ ਅਮਰੀਕੀ ਐਡੀਸ਼ਨ ਵਿੱਚ ਉਸਨੂੰ "ਫਓਮੋਸ ਫੰ" ਕਿਹਾ ਗਿਆ ਹੈ , ਜਦੋਂ ਕਿ ਬ੍ਰਿਟਿਸ਼ ਐਡੀਸ਼ਨ ਵਿੱਚ ਉਸਨੂੰ "ਸਾਬਕਾ ਮੰਤਰੀ" ਕਿਹਾ ਗਿਆ ਹੈ। ਉਸਦਾ ਨਾਮ ਛੱਡ ਦਿੱਤਾ ਗਿਆ ਹੈ। ਪੀੜਤਾ ਨੇ ਖੁਲਾਸਾ ਕੀਤਾ ਕਿ ਐਪਸਟਾਈਨ ਅਤੇ ਉਸਦਾ ਸਰਕਲ ਉਸਨੂੰ ਨਿਯਮਿਤ ਤੌਰ 'ਤੇ ਅਮੀਰ ਅਤੇ ਪ੍ਰਭਾਵਸ਼ਾਲੀ ਲੋਕਾਂ ਕੋਲ ਭੇਜਦਾ ਸੀ, ਜਿੱਥੇ ਉਸਨੂੰ ਸਰੀਰਕ ਅਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਉਸ ਦਾ ਅਕਸਰ ਗਲਾ ਘੁੱਟਿਆ ਜਾਂਦਾ ਸੀ, ਕੁੱਟਿਆ ਜਾਂਦਾ ਸੀ, ਅਤੇ ਇੱਥੋਂ ਤੱਕ ਕਿ ਖ਼ੂਨ ਵੀ ਵਗਦਾ ਸੀ। ਉਸਨੇ ਇਸ ਬਾਰੇ ਲਿਖਿਆ ਤਾਂ ਜੋ ਦੁਨੀਆ ਉਸ ਦਰਦ ਨੂੰ ਸਮਝ ਸਕੇ ਜੋ ਉਸਨੇ ਸਹਿਣ ਕੀਤਾ ਸੀ।

ਕਿਤਾਬ ਵਿੱਚ, ਪੀੜਤਾ ਕੈਰੇਬੀਅਨ ਦੇ ਐਪਸਟਾਈਨ ਟਾਪੂ ਬਾਰੇ ਦੱਸਦੀ ਹੈ, ਜਿੱਥੇ ਉਸ 'ਤੇ ਸਭ ਤੋਂ ਭਿਆਨਕ ਹਮਲਾ ਹੋਇਆ ਸੀ। ਉਸਨੇ ਲਿਖਿਆ ਕਿ ਇੱਕ ਆਦਮੀ ਨੇ ਵਾਰ-ਵਾਰ ਉਸਦਾ ਗਲਾ ਘੁੱਟਿਆ, ਉਸਨੂੰ ਬੇਹੋਸ਼ ਕਰ ਦਿੱਤਾ। ਜਦੋਂ ਉਸਨੇ ਰਹਿਮ ਦੀ ਬੇਨਤੀ ਕੀਤੀ ਤਾਂ ਉਹ ਹੋਰ ਵੀ ਹਿੰਸਕ ਹੋ ਗਿਆ।

**ਪ੍ਰਿੰਸ ਐਂਡਰਿਊ ਤੋਂ ਫਿਰ ਪੁੱਛਗਿੱਛ ਕੀਤੀ ਗਈ**

ਇਸ ਕਿਤਾਬ ਤੋਂ ਬਾਅਦ, ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਦਾ ਨਾਮ ਫਿਰ ਤੋਂ ਖ਼ਬਰਾਂ ਵਿੱਚ ਆ ਗਿਆ ਹੈ। ਪੀੜਤਾ ਨੇ ਪਹਿਲਾਂ ਵੀ ਉਨ੍ਹਾਂ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਐਪਸਟਾਈਨ ਨੇ ਉਨ੍ਹਾਂ ਨੂੰ ਤਿੰਨ ਵਾਰ ਆਪਣੇ ਨਾਲ ਭੇਜਿਆ ਸੀ। ਐਂਡਰਿਊ ਨੇ ਦੋਸ਼ਾਂ ਤੋਂ ਇਨਕਾਰ ਕੀਤਾ, ਪਰ 2022 ਵਿੱਚ, ਉਸਨੇ ਲੱਖਾਂ ਡਾਲਰਾਂ ਵਿੱਚ ਸਮਝੌਤਾ ਕਰ ਲਿਆ।







# ਬੁਲਡੋਜ਼ਰ: ਧਰਤੀ-ਧੱਕ ਤੋਂ ਧਰਤੀ-ਖੋਹ ਤੱਕ

ਭਾਸ਼ਾਈ ਅਤੇ ਸਮਾਜਕ ਨਜ਼ਰੀਏ ਤੋਂ ਬੁਲਡੋਜ਼ਰ ਮਸ਼ੀਨ ਅਤੇ ਸ਼ਬਦ ਦੋਵਾਂ ਦਾ ਲੰਮਾ ਅਤੇ ਗੁੰਝਲਦਾਰ ਇਤਿਹਾਸ ਹੈ। ਮਸ਼ੀਨ ਵਜੋਂ ਬੁਲਡੋਜ਼ਰ ਸਮਾਂ ਪਾ ਕੇ ਨਾ ਸਿਰਫ ਸੱਤਾ ਅਤੇ ਵਿਕਾਸ ਦਾ ਪ੍ਰਤੀਕ ਹੀ ਬਣ ਗਿਆ ਸਗੋਂ ਰਾਜਕੀ ਦਮਨ ਦਾ ਜ਼ਬਰਦਸਤ ਹਥਿਆਰ ਹੋ ਨਿਬੜਿਆ ਹੈ। ਖਾਸ ਤੌਰ ‘ਤੇ ਜਦ ਹਾਸ਼ੀਏ ‘ਤੇ ਰਹਿ ਰਹੇ ਲੋਕਾਂ ਦੀਆਂ ਕੁੱਲੀਆਂ, ਹੱਟੀਆਂ ਤੇ ਉਪਜੀਵਕਾ ਦੇ ਹੋਰ ਸਾਧਨਾਂ ਨੂੰ ਢਾਹੁਣ ਲਈ ਵਰਤਿਆ ਜਾਣ ਲੱਗਾ। ਬੁਲਡੋਜ਼ਰ ਮਸ਼ੀਨ ਦੀ ਈਜਾਦ ਪਿਛਲੀ ਸਦੀ ਦੇ ਵੀਹਵਿਆਂ ਵਿਚ ਅਮਰੀਕਾ ਵਿਚ ਹੋਈ। ਇਸ ਤੋਂ ਪਹਿਲਾਂ ਕਰਾਹ ਵਰਗੇ ਫਾਲਿਆਂ ਵਾਲੇ ਟਰੈਕਟਰਾਂ ਦਾ ਨਿਰਮਾਣ ਕੀਤਾ ਗਿਆ ਸੀ। ਬੁਲਡੋਜ਼ਰ ਦੀ ਵਰਤੋਂ ਪਹਿਲੇ ਪਹਿਲ ਜ਼ਮੀਨ ਨੂੰ ਸਾਫ਼ ਕਰਨ, ਸੜਕਾਂ ਬਣਾਉਣ ਅਤੇ ਯੁਧ ਲਈ ਲੋੜੀਂਦੀ ਭੰਨ-ਤੋੜ ਕਰਨ ਲਈ ਹੋਈ। ਸਮਾਂ ਪਾ ਕੇ ਬੁਲਡੋਜ਼ਰ ਵਿਕਾਸਸ਼ੀਲ ਦੇਸ਼ਾਂ ਦੇ ਹੁਕਮਰਾਨਾਂ ਲਈ ਆਪਣੀ ਭਿਆਵਲੀ ਧੌਂਸਵਾਦੀ ਹਕੂਮਤ ਚਲਾਉਣ ਲਈ ਲੋਕਾਂ ਦੇ ਮਨਾਂ ਵਿਚ ਹਿੰਸਾ ਦੇ ਹਥਿਆਰ ਵਜੋਂ ਖੂਬ ਰਾਸ ਆਇਆ। ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਕੁਝ ਰਾਜਾਂ ਵਿਚ ‘ਬੁਲਡੋਜ਼ਰ ਰਾਜਨੀਤੀ’ ਵਾਕੰਸ਼ ਆਮ ਹੀ ਸੁਣਨ ਪੜ੍ਹਨ ਨੂੰ ਮਿਲਦਾ ਹੈ। ਬੁਲਡੋਜ਼ਰਾਂ ਨੂੰ ਗਰੀਬ ਲੋਕਾਂ ਦੀਆਂ ਝੁੱਗੀਆਂ-ਝੌਂਪੜੀਆ ਅਤੇ ਸਟਾਲਾਂ ਨੂੰ ਢਾਹੁਣ ਲਈ ਵਰਤਿਆ ਜਾਣ ਲੱਗਾ ਹੈ। ਸਰਕਾਰੀ ਤੰਤਰ ਵਲੋਂ ਅਜਿਹਾ ਕਰਨ ਲੱਗਿਆਂ ਕੋਈ ਕਾਨੂੰਨੀ ਨੋਟਿਸ ਵੀ ਘੱਟ ਹੀ ਦਿੱਤਾ ਜਾਂਦਾ ਹੈ। ਬੁਲਡੋਜ਼ਰਾਂ ਦੇ ਕਹਿਰ ਦਾ ਸ਼ਿਕਾਰ ਅਕਸਰ ਮੁਸਲਮਾਨ ਘੱਟ-ਗਿਣਤੀਆਂ ਅਤੇ ਵਿਰੋਧ ਵਿਚ ਉਠ ਰਹੇ ਰਾਜਸੀ ਜਾਂ ਸਮਾਜਸੇਵੀ ਕਾਰਕੁਨ ਹਨ। ਪਰ ਸਰਕਾਰ ਪੱਖੀ ਲੋਕ ਗ਼ੈਰ-ਕਾਨੂੰਨੀ ਢੰਗ ਨਾਲ ਹੜੱਪੀਆਂ ਜ਼ਮੀਨਾਂ ਨੂੰ ਛੁਡਾਉਣ ਲਈ ਇਸ ਦੀ ਵਰਤੋਂ ਜਾਇਜ਼ ਸਮਝਦੇ ਹਨ। ਭਾਰਤ ਹੀ ਨਹੀਂ, ਹੋਰ ਦੇਸ਼ਾਂ ਵਿਚ ਵੀ ਰਾਜਕੀ ਦਮਨ ਵਜੋਂ ਬੁਲਡੋਜ਼ਰ ਅਕਸਰ ਹੀ ਚਲਾਇਆ ਜਾਂਦਾ ਰਿਹਾ ਹੈ ਤੇ ਚਲਾਇਆ ਜਾ ਰਿਹਾ ਹੈ। ਇਜ਼ਰਾਇਲੀ ਪ੍ਰਸ਼ਾਸਨ ਲੰਮੇ ਸਮੇਂ ਤੋਂ ਫਲਸਤੀਨੀਆ ਦੇ ਘਰ ਢਾਹ ਰਿਹਾ ਹੈ, ਖਾਸ ਤੌਰ’ਤੇ ਵੈਸਟ ਬੈਂਕ ਅਤੇ ਪੂਰਬੀ ਯੇਰੋਸ਼ਲਮ ਵਿਚ। ਇਸ ਕੰਮ ਲਈ ਫੌਜ ਵਾਸਤੇ ਬਣਾਏ ਘਾਤਕ ਬੁਲਡੋਜ਼ਰ ਖੂਬ ਚਲਾਏ ਜਾਂਦੇ ਹਨ। ਸ਼ਹਿਰੀ ਵਿਕਾਸ ਦੇ ਨਾਂ’ਤੇ ਬਰਾਜ਼ੀਲ ਵਿਚ ਗਰੀਬ ਲੋਕਾਂ ਦੀਆਂ ਬਸਤੀਆਂ ਢਾਹੀਆਂ ਗਈਆਂ ਜਿਸ ਨਾਲ ਹਜ਼ਾਰਾਂ ਲੋਕ ਬੇਘਰੇ ਹੋ ਗਏ। ਚੀਨ ਵਿਚ ਵੀ ਦੱਬੀਆਂ ਜ਼ਮੀਨਾਂ’ਤੇ ਬਣਾਏ ਘਰ ਨਾ ਛੱਡਣ ਵਾਲਿਆਂ ’ਤੇ ਇਹ ਦਮਨ ਕੀਤਾ ਜਾਂਦਾ ਰਿਹਾ ਹੈ। ਇਸ ਤਰ੍ਹਾਂ ਬੁਲਡੋਜ਼ਰ ਅੱਜ ਧੱਕੜ ਰਾਜਸੀ ਸ਼ਕਤੀ ਅਤੇ ਵਿਕਾਸ ਦੇ ਨਾਂ’ਤੇ ਬੇਵੱਸ ਲੋਕਾਂ ਨੂੰ ਉਜਾੜਨ ਦੇ ਹਥਿਆਰ ਦਾ ਪ੍ਰਤੀਕ ਬਣਦਾ ਜਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਬੁਲਡੋਜ਼ਰ ਅੱਜ ਉਸਾਰੀ ਲਈ ਬਣਾਈ ਗਈ ਮਸ਼ੀਨ ਹੀ ਨਹੀਂ ਬਲਕਿ ਮਜ਼ਦੂਰਾਂ ਦੀ ਕੱਲੀ, ਗੁੱਲੀ, ਜੁੱਲੀ ਦੀ ਤਬਾਹੀ ਦਾ ਵਸੀਲਾ ਬਣਦਾ ਜਾ ਰਿਹਾ ਹੈ। ਭਾਰਤ ਦੀ ਸਮਾਜਕ-ਆਰਥਕ ਮੁੱਦਿਆਂ ਪ੍ਰਤੀ ਹਮੇਸ਼ਾ ਸਰਗਰਮ ਕਾਰਕੁਨ ਅਤੇ ਸਿਆਸਤਦਾਨ ਅਰੁਨਧਤੀ ਰਾਇ ਸ਼ਹਿਰੀ ਖੇਤਰਾਂ ਦੇ ਪੁਨਰ-ਗਠਨ ਅਤੇ ਵਿਕਾਸ ਦੇ ਨਾਂ ‘ਤੇ ਬੁਲਡੋਜ਼ਰਾਂ ਦੀ ਅਜਿਹੀ ਵਰਤੋਂ ਖ਼ਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਦੀ ਰਹੀ ਹੈ। ਉਸ ਦਾ ਪ੍ਰਸਿੱਧ ਭਾਵਪੂਰਤ ਕਥਨ ਹੈ ਕਿ ‘ਵਿਕਾਸ ਖਾਨਾਜੰਗੀ ਦਾ ਟਿਕਾਣਾ ਬਣ ਚੁੱਕਾ ਹੈ, ਪਹਿਲਾਂ ਬੁਲਡੋਜ਼ਰ ਆਉਂਦੇ ਹਨ, ਫਿਰ ਪੁਲੀਸ ਆਉਂਦੀ ਹੈ, ਉਸਾਰੀ ਕਰਨ ਲਈ ਨਹੀਂ ਉਜਾੜਨ ਲਈ’। ਸ਼ਹਿਰਾਂ ਨੂੰ ਜੀਵੰਤ ਅਤੇ ਰੌਣਕ ਭਰਿਆ ਬਣਾਉਣ ਵਾਲੇ ਰਿਕਸ਼ਾ ਚਾਲਕ, ਥੜ੍ਹੀ ਵਾਲੇ, ਫੜੀ ਵਾਲੇ, ਰੇੜ੍ਹੀ ਵਾਲੇ, ਪਰਵਾਸੀ ਮਜ਼ਦੂਰ, ਘਰਾਂ ਵਿਚ ਕੰਮ ਕਰਨ ਵਾਲੇ ਨੌਕਰ ਆਦਿ ਸਭ ਨੂੰ ਬੇਰਹਿਮੀ ਨਾਲ ਰੋਟੀ ਰੋਜ਼ੀ ਤੋਂ ਵਿਰਵਾ ਕੀਤਾ ਜਾ ਰਿਹਾ ਹੈ।



ਬੁਲਡੋਜ਼ਰਾਂ ਨਾਲ ਢਾਹੇ ਉਨ੍ਹਾਂ ਦੇ ਰਿਹਾਇਸ਼ੀ ਜਾਂ ਉਪਜੀਵਕਾ ਦੀਆਂ ਠਾਹਰਾਂ ‘ਤੇ ਅਮੀਰਾਂ ਲਈ ਉਚੀਆਂ-ਉਚੀਆਂ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਸ਼ਹਿਰਾਂ ਦੇ ਸੁੰਦਰੀਕਰਣ ਦੇ ਬਹਾਨੇ ਬੁਲਡੋਜ਼ਰ ਵਰਤ ਕੇ ਅਸਲ ਵਿਚ ਇੱਕ ਜਮਾਤੀ ਲੜਾਈ ਲੜੀ ਜਾ ਰਹੀ ਹੈ। ਭਾਰਤ ਵਿਚ ਬੁਲਡੋਜ਼ਰ ਨਾ ਸਿਰਫ਼ ਆਰਥਿਕ ਹਿੰਸਾ ਦਾ ਸਾਧਨ ਬਣ ਰਿਹਾ ਹੈ ਬਲਕਿ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਤਹਿਤ ਧਾਰਮਕ ਅਤੇ ਰਾਜਸੀ ਉਪੱਦਰ ਦਾ ਜ਼ਰੀਆ ਵੀ ਬਣ ਰਿਹਾ ਹੈ। ਬੁਲਡੋਜ਼ਰਾਂ ਨਾਲ ਕਾਨੂੰਨ ਦੀ ਪਰਵਾਹ ਨਾ ਕਰਦਿਆਂ ਮੁਸਲਮਾਨਾਂ ਅਤੇ ਆਦਿਵਾਸੀ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਜਬਰੀ ਉਜੜੇ ਲੋਕ ਆਪਣੀ ਹੀ ਭੋਇੰ ‘ਤੇ ਸ਼ਰਨਾਰਥੀ ਬਣ ਜਾਂਦੇ ਹਨ। ਇਸ ਤਰ੍ਹਾਂ ਬੁਲਡੋਜ਼ਰ ਇੱਕ ਨਿਰਪੱਖ ਮਸ਼ੀਨ ਨਹੀਂ ਰਿਹਾ ਬਲਕਿ ਸੱਤਾ ਦਾ ਹਥਿਆਰ ਬਣ ਗਿਆ ਹੈ।

(ਬਾਕੀ ਸਫਾ 15 ‘ਤੇ)







# ਬੁਲਡੋਜ਼ਰ: ਧਰਤੀ-ਧੱਕ ਤੋਂ ਧਰਤੀ-ਖੋਹ ਤੱਕ

*(ਬਾਕੀ ਸਫਾ 14 ਦੀ)*

ਕਿਸੇ ਨੇ ਇਸ ਹਿੰਸਕ ਮਸ਼ੀਨ ਲਈ ਬੜਾ ਢੁਕਵਾਂ ਸ਼ਬਦ 'ਪੀਲਾ ਪੰਜਾ' ਘੜਿਆ ਜੋ ਅਖਬਾਰਾਂ ਵਿਚ ਆਮ ਹੀ ਪੜ੍ਹਨ ਨੂੰ ਮਿਲਦਾ ਹੈ। ਉਸਾਰੀ ਦੀਆਂ ਮਸ਼ੀਨਾਂ ਆਮ ਤੌਰ 'ਤੇ ਪੀਲੇ ਰੰਗ ਦੀਆਂ ਹੁੰਦੀਆਂ ਹਨ ਕਿਉਂਕਿ ਇਸ ਰੰਗ ਦੇ ਉਘੜਵੇਂ ਗੁਣ ਕਾਰਨ ਇਹ ਛੇਤੀ ਨਜ਼ਰ ਪੈ ਜਾਂਦੀਆਂ ਹਨ ਤੇ ਬਚਾਉ ਵਿਚ ਸਹਾਈ ਹੁੰਦੀਆਂ ਹਨ। ਪਰ ਅੱਜ ਇਹ 'ਪੀਲਾ' ਪੰਜਾ ਅਭਾਗੇ ਲੋਕਾਂ ਲਈ ਤਬਾਹੀ ਦਾ ਪੰਜਾ ਸਾਬਤ ਹੋ ਰਿਹਾ ਹੈ, ਮਾਨੋਂ ਖੂਨੀ ਪੰਜਾ। ਬੁਲਡੋਜ਼ਰ ਸ਼ਬਦ ਦੀ ਉਤਪਤੀ ਵੱਲ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਮੁਢਲੇ ਤੌਰ 'ਤੇ ਤਾਂ ਇਸ ਦਾ ਪੀਲੇ ਪੰਜੇ ਜਿਹੀ ਮਸ਼ੀਨ ਨਾਲ ਕੋਈ ਵਾਸਤਾ ਹੀ ਨਹੀਂ ਹੈ। ਇਹ ਸ਼ਬਦ 19ਵੀਂ ਸਦੀ ਦੇ ਅਖੀਰ ਜਿਹੇ ਵਿਚ ਅਮਰੀਕਾ ਵਿਚ ਮਸ਼ਹੂਰ ਹੋਇਆ। ਇਹ ਪਹਿਲਾਂ ਪ੍ਰਚੱਲਤ ਸ਼ਬਦ ਬੁਲਡੋਜ਼ (ਬੁਲਲਦੋਸਏ) ਤੋਂ ਬਣਿਆ। ਅੰਗਰੇਜ਼ੀ ਬੁੱਲ(ਬੁਲਲ) ਸ਼ਬਦ ਸਾਡੇ ਸਾਨ੍ਹ ਦੀ ਬਰਾਬਰੀ ਕਰਦਾ ਹੈ। ਇਸ ਦੇ ਨਾਲ ਲੱਗੇ ਸ਼ਬਦ ਡੋਜ਼ (ਦੋਸਏ) ਦਾ ਪੰਜਾਬੀ ਵਿਚ ਬਦਲ ਖੁਰਾਕ ਹੁੰਦਾ ਹੈ ਪਰ ਪੰਜਾਬੀ ਵਾਂਗ ਹੀ ਇਸ ਦਾ ਅੰਗਰੇਜ਼ੀ ਵਿਚ ਇਕ ਅਰਥ ਸਜ਼ਾ ਵੀ ਹੁੰਦਾ ਹੈ ਮਾਨੋਂ ਕਿਸੇ ਨੂੰ ਕਿਸੇ ਜੁਰਮ ਕਾਰਨ ਡੋਜ਼ ਦਿੱਤੀ ਗਈ ਹੈ। ਪੰਜਾਬੀ ਵਿਚ ਸੋਧਣ ਦਾ ਅਰਥ ਕਿਸੇ ਨੂੰ ਉਸ ਦੇ ਕਾਰਿਆਂ ਕਾਰਨ ਗੈਰ-ਕਾਨੂੰਨੀ ਢੰਗ ਨਾਲ ਮੌਤ ਦੇ ਘਾਟ ਉਤਾਰ ਦੇਣ ਦਾ ਦੰਡ ਦੇਣਾ ਹੈ। ਮੁਗ਼ਲ ਹਕੂਮਤ ਦੌਰਾਨ ਇੱਕ ਪ੍ਰਕਾਰ ਦੇ ਟੈਕਸ ਨੂੰ ਖੁਰਾਕ ਕਿਹਾ ਜਾਂਦਾ ਸੀ। ਗੱਲ ਕੀ ਬੁੱਲਡੋਜ਼ ਸ਼ਬਦ ਦਾ ਉਦੋਂ ਅਰਥ ਸੀ, ਅਜਿਹੀ ਖੁਰਾਕ ਮਾਅਨੇ ਅਜਿਹੀ ਸਜ਼ਾ ਜੋ ਸਾਨ੍ਹ ਨੂੰ ਦਿੱਤੀ ਜਾਵੇ, ਜੋ ਸਾਨ੍ਹ ਲਈ ਹੀ ਢੁਕਦੀ ਹੈ। ਬੁੱਲ (ਸਾਨ੍ਹ) ਦੀ ਕਾਇਆ ਮੋਟੀ ਤੁੱਲੀ ਹੋਣ ਕਾਰਨ ਅੰਗਰੇਜ਼ੀ ਵਿਚ ਇਸ ਸ਼ਬਦ ਨੂੰ ਅਧਿਕ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਸੋ ਏਥੋਂ ਵੀ ਬੁੱਲਡੋਜ਼ ਦਾ ਮਤਲਬ 'ਡਾਢੀ ਸਜ਼ਾ' ਵਿਉਤਪਤ ਹੋ ਸਕਦਾ ਹੈ। ਅੰਗਰੇਜ਼ੀ ਵਿਚ ਇਸ ਸ਼ਬਦ ਨੇ ਅਗਲਾ ਅਰਥ ਵਿਸਤਾਰਿਆ, ਖੂਬ ਮਾਰ-ਕੁਟਾਈ, ਦੁਰਬੜੀ, ਕੋਰੜਿਆਂ ਦੀ ਸਖਤ ਮਾਰ।

ਫਿਰ ਧੌਂਸਬਾਜ਼ੀ, ਧੱਕੇਸ਼ਾਹੀ, ਹਿੰਸਾ ਨਾਲ ਡਰਾਉਣਾ- ਧਮਕਾਉਣਾ ਜਿਹੇ ਅਰਥਾਂ ਵਿਚ ਢਲਣਾ ਤਾਂ ਇਕ ਕਦਮ ਹੀ ਅੱਗੇ ਸੀ। ਮਿਸਾਲ ਵਜੋਂ,'A bulldose of lead'' ਦਾ ਮਤਲਬ ਸੀ ਗੋਲੀਆਂ ਮਾਰਨ ਦੀ ਧਮਕੀ। ਉਦੋਂ ਲਏਓਦ (ਸਿੱਕਾ) ਦਾ ਇੱਕ ਅਰਥ ਗੋਲੀ ਵੀ ਹੁੰਦਾ ਸੀ ਕਿਉਂਕਿ ਇਹ ਸਿੱਕੇ ਦੀ ਬਣਾਈ ਜਾਂਦੀ ਸੀ। ਯਾਦ ਕਰੋ, ਗੋਲੀ-ਸਿੱਕਾ। ਨਾਲ ਲਗਦੇ ਸਿੱਕਾ ਸ਼ਬਦ ਨਾਲ ਵੀ ਨਿਪਟ ਲੈਂਦੇ ਹਾਂ। ਇਹ ਮੁਢਲੇ ਤੌਰ 'ਤੇ ਅਰਬੀ ਸ਼ਬਦ ਹੈ ਤੇ ਇਸ ਭਾਸ਼ਾ ਵਿਚ ਇਸ ਲਫਜ਼ ਦਾ ਮਾਅਨਾ ਸੀ, ਠੱਪਾ, ਮੁਹਰ; ਮੁਹਰ ਲੱਗਾ ਸੋਨੇ ਚਾਂਦੀ ਦਾ ਟੁਕੜਾ, ਮੁਦਰਾ, ਟਕਾ। ਠੱਪਾ ਲਾਉਣ ਦੇ ਅਰਥਾਂ ਤੋਂ ਇਸ ਦਾ ਅਰਥ ਉਹ ਧਾਤ ਬਣਿਆ ਜਿਸ ਨਾਲ ਛਾਪੇਖਾਨੇ ਦੇ ਅੱਖਰ ਬਣਾਏ ਜਾਂਦੇ ਹਨ ਤੇ ਇਹ ਧਾਤ ਅੰਗਰੇਜ਼ੀ ਵਾਲੀ ਲਏਓਦ ਹੈ। ਇਸ ਨੂੰ ਸਾਡੀਆਂ ਭਾਸ਼ਾਵਾਂ ਵਿਚ ਸੀਸਾ ਵੀ ਕਿਹਾ ਜਾਂਦਾ ਹੈ। 1876 ਵਿਚ ਅਮਰੀਕਾ ਦੀਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਬਹੁਤ ਧੱਕੇਸ਼ਾਹੀ ਦਾ ਮਾਹੌਲ ਸੀ। ਏਥੋਂ ਦੇ ਵੋਟਰਾਂ ਖਾਸ ਕਰਕੇ ਕਾਲਿਆਂ ਨੂੰ ਨਸਲੀ ਗੋਰਿਆਂ ਵਲੋਂ ਡਰਾ-ਧਮਕਾ ਕੇ ਆਪਣੇ ਹੱਕ ਦੇ ਰਾਸ਼ਟਰਪਤੀ ਲਈ ਵੋਟਾਂ ਪੁਆਈਆਂ ਗਈਆਂ ਸਨ। ਇਸ ਲਈ ਉਦੋਂ ਇਹ ਸ਼ਬਦ ਅਜਿਹੇ ਵੋਟਰਾਂ ਦੀ ਕੁੱਟਮਾਰ ਕਰ ਕੇ ਉਨ੍ਹਾਂ ਤੋਂ ਕਰਾਰੇ ਹੱਥੀਂ ਵੋਟਾਂ ਬਟੋਰਨ ਦੇ ਵਰਤਾਰੇ ਦੇ ਅਰਥਾਂ ਵਿਚ ਵਰਤਿਆ ਗਿਆ। ਅੰਗਰੇਜ਼ੀ ਦੋਸਏ ਦੇ ਸ਼ਬਦ ਜੋੜਾਂ ਵਿਚ ਸ ਅੱਖਰ ਹੈ, ਡ ਨਹੀਂ ਪਰ bulldozer ਸ਼ਬਦ ਬਣਦਿਆਂ ਇਹ ਤਬਦੀਲੀ ਆਈ। ਬਾਅਦ ਵਿਚ ਇਸ ਦੇ ਅੱਗੇ ਅੰਗਰੇਜ਼ੀ ਅੱਖਰ ਰ ਲਾ ਕੇ ਬੁਲਡੋਜ਼ਰ (bulldozer) ਸ਼ਬਦ ਬਣਿਆ ਤੇ ਇਸ ਸ਼ਬਦ ਦਾ ਪਹਿਲਾਂ ਅਰਥ ਬਣਿਆ 'ਕੋਰੜੇ ਮਾਰਨ ਵਾਲਾ' ਫਿਰ ਬਣਿਆ 'ਡਰਾਉਣ-ਧਮਕਾਉਣ' ਵਾਲਾ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਉਸ ਜ਼ਮਾਨੇ ਵਿਚ ਇੱਕ ਸ਼ਬਦ ਬੁਲਲ ਾਹਿਪ ਵੀ ਵਰਤਿਆ ਜਾਂਦਾ ਸੀ ਜੋ ਪਸ਼ੂਆਂ ਨੂੰ ਹਿੱਕਣ ਲਈ ਰੱਸੇ ਵਾਂਗ ਵੱਟਿਆ ਹੋਇਆ ਕਰੜਾ ਛੈਂਟਾ ਹੁੰਦਾ ਸੀ। ਬੁਲਡੋਜ਼ ਦੇ ਅਰਥਾਂ ਵਿਚ ਪਰਿਵਰਤਨ ਇਸ ਕਾਰਨ ਵੀ ਹੋਇਆ। ਫਿਰ ਜਦ 1942 ਵਿਚ ਜ਼ਮੀਨ ਸਾਫ਼ ਕਰਨ ਵਾਲੀ ਕਰਾਹ ਜਿਹੀ ਮਸ਼ੀਨ ਈਜਾਦ ਹੋਈ ਤਾਂ ਇਹ ਸ਼ਬਦ ਇਸ ਨੂੰ ਮਿਲਿਆ। ਇੱਕ ਸਮੇਂ ਇੱਕ ਵੱਡੇ ਪਿਸਤੌਲ ਨੂੰ ਵੀ ਬੁਲਡੋਜ਼ਰ ਕਿਹਾ ਜਾਂਦਾ ਸੀ। ਸੋ ਅਸੀਂ ਦੇਖਾਂਗੇ ਕਿ 1876 ਦੌਰਾਨ ਅਮਰੀਕਾ ਵਿਚ ਜ਼ੋਰ-ਜਬਰੀ ਵੋਟਾਂ ਪਵਾਉਣ ਦੇ ਅਰਥ ਗ੍ਰਹਿਣ ਕਰ ਚੁੱਕਾ ਬੁਲਡੋਜ਼ਰ ਸ਼ਬਦ ਅੱਜ ਭਾਰਤ ਵਿਚ ਉਹੋ ਜਿਹੇ ਹੀ ਅਰਥ ਧਾਰਨ ਕਰਦਾ ਜਾ ਰਿਹਾ ਹੈ, ਧਰਤੀ-ਧੱਕ ਤੋਂ ਧਰਤੀ-ਖੋਹ। ਸਬੱਬ ਹੈ ਕਿ 19ਵੀਂ 20ਵੀਂ ਸਦੀ ਵਿਚ ਗੋਰੇ ਵਾਹਰਾਂ ਵਲੋਂ ਕਾਲੇ ਲੋਕਾਂ ਨੂੰ ਕੁਚਲ ਕੇ ਮਾਰਿਆ ਜਾਂਦਾ ਸੀ ਜਿਸ ਲਈ ਲਿੰਚਿੰਗ ਸ਼ਬਦ ਚੱਲ ਪਿਆ ਸੀ ਤੇ ਭਾਰਤ ਵਿਚ ਵੀ ਮੁਸਲਮਾਨਾਂ ਨਾਲ ਅਜਿਹਾ ਹੋ ਰਿਹਾ ਹੈ। ਏਥੇ ਅਸੀਂ ਅੰਗਰੇਜ਼ੀ ਸ਼ਬਦਾਂ ਬੁਲਲ ਅਤੇ ਦੋਸਏ ਦੀ ਸਾਡੀਆਂ ਭਾਸ਼ਾਵਾਂ ਦੇ ਪ੍ਰਸੰਗ ਵਿਚ ਥੋੜ੍ਹੀ ਚਰਚਾ ਕਰਨੀ ਚਾਹਾਂਗੇ। ਅਸਲ ਵਿਚ ਅੰਗਰੇਜ਼ੀ ਬੁਲਲ ਲਈ ਪੰਜਾਬੀ ਵਿਚ ਬੈਲ ਜਾਂ ਬਲਦ ਸ਼ਬਦ ਨਹੀਂ ਢੁਕਦੇ ਭਾਵੇਂ ਕਿ ਦੋਵਾਂ ਸ਼ਬਦਾਂ ਦੀ ਧੁਨੀ ਕਾਫ਼ੀ ਹੱਦ ਤੱਕ ਮਿਲਦੀ ਹੈ। ਅੰਗਰੇਜ਼ੀ ਬੁੱਲ ਦੇ ਟਾਕਰੇ 'ਤੇ ਸਾਡਾ ਸ਼ਬਦ ਸਾਨ੍ਹ ਨਿਆਈਂ ਹੈ, ਬੈਲ/ਬਲਦ ਨਹੀਂ। ਪੰਜਾਬੀ ਦੇ ਇਹ ਸ਼ਬਦ ਜਿਸ ਗੋਕਾ ਪਸ਼ੂ ਲਈ ਵਰਤੇ ਜਾਂਦੇ ਹਨ ਉਹ ਖੇਤੀ ਆਦਿ ਦਾ ਭਾਰਾ ਕੰਮ ਕਰਨ ਲਈ ਖੱਸੀ ਕੀਤੇ ਜਾਂਦੇ ਹਨ। ਦੂਜੇ ਪਾਸੇ ਬੁੱਲ ਖੱਸੀ ਨਹੀਂ ਕੀਤਾ ਜਾਂਦਾ, ਇਸ ਲਈ ਪੰਜਾਬੀ ਵਿਚ ਇਸ ਲਈ ਸਾਨ੍ਹ ਸ਼ਬਦ ਯੋਗ ਹੈ। ਬਲਦ ਲਈ ਢੁਕਵਾਂ ਅੰਗਰੇਜ਼ੀ ਸ਼ਬਦ ੋਣ ਜਾਂ ਬੁਲਲੋਚਕ ਹੈ। ਉਂਝ ਮੈਨੂੰ ਜਾਪਦਾ ਹੈ ਕਿ ਦੋਵੇਂ ਬੁੱਲ ਅਤੇ ਬੈਲ ਸ਼ਾਇਦ ਮੁਢਲੇ ਤੌਰ 'ਤੇ ਧੁਨੀ-ਅਨੁਕਰਣਕ ਹੋਣਗੇ। ਹੋ ਸਕਦਾ ਹੈ ਇਹ ਸ਼ਬਦ ਇਸ ਪਸ਼ੂ ਦੇ ਰੰਭਣ ਦੀ ਆਵਾਜ਼ ਤੋਂ ਬਣਾਏ ਗਏ ਹੋਣਗੇ, ਬੁੱਕਣ ਸ਼ਬਦ ਵੱਲ ਗ਼ੌਰ ਕਰੋ। ਅੰਗਰੇਜ਼ੀ ਨਿਰੁਕਤਕਾਰਾਂ ਨੇ ਤਾਂ ਅਜਿਹੀ ਸ਼ੰਕਾ ਜ਼ਾਹਿਰ ਕੀਤੀ ਹੈ। ਦੂਜੇ ਪਾਸੇ ਅੰਗਰੇਜ਼ੀ ੋਣ ਭਾਰੋਪੀ ਮੰਨਿਆ ਜਾਂਦਾ ਹੈ ਜਿਸ ਦੇ ਟਾਕਰੇ 'ਤੇ ਬਲਦ ਦੇ ਅਰਥਾਂ ਵਿਚ ਸੰਸਕ੍ਰਿਤ 'ਉਕਸ਼ਾਨ' ਤੇ ਅੱਗੇ ਪਾਲੀ ਵਿਚ 'ਉਖਾ' ਸ਼ਬਦ ਮਿਲਦੇ ਹਨ ਪਰ ਪੰਜਾਬੀ ਵਿਚ ਇਸ ਤੋਂ ਵਿਕਸਿਤ ਕੋਈ ਸ਼ਬਦ ਮੇਰੀ ਜਾਣਕਾਰੀ ਵਿਚ ਨਹੀਂ।

ਖੁਰਾਕ ਦੇ ਅਰਥਾਂ ਵਾਲਾ ਅੰਗਰੇਜ਼ੀ ਡੋਜ਼ ਸ਼ਬਦ ਅੰਤਮ ਤੌਰ 'ਤੇ ਗਰੀਕ ਭਾਸ਼ਾ ਵਿਚੋਂ ਲਾਤੀਨੀ ਤੇ ਫਿਰ ਫਰਾਂਸੀਸੀ ਵਿਚ ਦੀ ਹੁੰਦਾ ਹੋਇਆ 15ਵੀਂ ਸਦੀ ਵਿਚ ਅੰਗਰੇਜ਼ੀ ਨੇ ਅਪਣਾਇਆ।

ਗਰੀਕ ਵਿਚ ਇਸ ਦੇ ਪ੍ਰਚੱਲਤ ਰੂਪ ਵਿਚ 'ਦੇਣ' ਦੇ ਅਰਥ ਸਨ ਤੇ ਉਦੋਂ ਦੇ ਯੂਨਾਨੀ ਹਕੀਮ ਇਸ ਨੂੰ 'ਦਵਾਈ ਦੀ ਖੁਰਾਕ ਦੇਣ' ਦੇ ਅਰਥਾਂ ਵਿਚ ਲੈਂਦੇ ਸਨ। ਇਹ ਸ਼ਬਦ ਹਿੰਦ-ਯੂਰਪੀ ਹੈ ਤੇ ਇਸ ਦਾ ਭਾਰੋਪੀ ਮੂਲ਼ਲ *ਦੋ ਹੈ ਜਿਸ ਵਿਚ ਦੇਣ ਦੇ ਭਾਵ ਹਨ। ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਇਸ ਤੋਂ ਬਣਦੇ ਅਨੇਕਾਂ ਸ਼ਬਦ ਮਿਲਦੇ ਹਨ। ਕੁਝ ਅੰਗਰੇਜ਼ੀ ਦੇ ਜਾਣੇ-ਪਛਾਣੇ ਸ਼ਬਦ ਗਿਣਾਉਂਦੇ ਹਾਂ: data (ਜੋ ਦਿੱਤਾ ਹੋਇਆ ਹੈ), *donaiton* (ਜੋ ਦਿੱਤੀ ਜਾਂਦੀ ਹੈ, ਦਾਨ), dowry (ਜੋ ਵਿਆਹ ਵਿਚ ਦਿੱਤੀ ਜਾਂਦੀ ਹੈ, ਦਾਜ), ਪਓਰਦੋਨ (ਖਿਮਾ ਜੋ ਦਿੱਤੀ ਜਾਂਦੀ ਹੈ), anitdote (ਜੋ ਜ਼ਹਿਰ ਨੂੰ ਬੇਅਸਰ ਕਰਨ ਲਈ ਦਿੱਤੀ ਜਾਵੇ, ਜ਼ਹਿਰ ਮਹੁਰਾ, ਜ਼ਹਿਰ ਮਾਰ) ਆਦਿ। ਪੰਜਾਬੀ ਸ਼ਬਦ 'ਦੇਣਾ' ਵੀ ਇਸੇ ਮੂਲ ਦਾ ਦੇਣਦਾਰ ਹੈ। ਇਸ ਦੇ ਸਕੇ ਕੁਝ ਹੋਰ ਪੰਜਾਬੀ ਸ਼ਬਦ ਹਨ: ਦੱਤ, ਦਾਤਾ, ਦਾਨ, ਪ੍ਰਦਾਨ, ਪ੍ਰਦਾਤਾ। ਫਾਰਸੀ ਵਲੋਂ ਦਾਦ।

RENOVATION
ਤੁਹਾਡਾ ਆਪਣੇ ਪੰਜਾਬੀ ਭਰਾ, 15+ ਸਾਲਾਂ ਦਾ ਤਜਰਬਾ।
ਸਮੇਂ ਤੇ ਕੰਮ ਮੁਕੰਮਲ
ਬਿਹਤਰੀਨ ਕੁਆਲਿਟੀ
ਲਾਇਸੰਸ & ਇਨਸ਼ੋਰਡ ਕੰਪਨੀ
• Unmatched Craftsmanship
• Customized Solutions
• Commitment to Excellence

ਘਰ ਬਦਲੋ, ਸੁੱਖ-ਸਹੂਲਤ ਵਧਾਓ!
ਕਿਚਨ, ਬਾਥਰੂਮ, ਬੇਸਮੈਂਟ ਜਾਂ ਪੂਰਾ ਘਰ — ਅਸੀਂ ਤੁਹਾਡਾ ਘਰ ਨਵਾਂ ਵਰਗਾ ਬਣਾ ਦੇਵਾਂਗੇ।
604-786-7000
INTERIOR REMODELING
EXTERIOR UPGRADES
ENERGY-EFFICIENT IMPROVEMENTS

TOP CHOICE RENOVATION
ਰੈਨੋਵੇਸ਼ਨ
ਸਾਨੂੰ ਕੰਮ ਲਈ ਵਰਕਰਾਂ ਦੀ ਸਖਤ ਜ਼ਰੂਰਤ ਹੈ
WE DO COMPLETE HOME RENOVATION
ਅਸੀਂ ਪੂਰੇ ਘਰ ਦੀ ਰੈਨੋਵੇਸ਼ਨ, ਪਲੰਬਿੰਗ, ਫਿਨਿਸ਼ਿੰਗ ਕਾਰਪੈਂਟਰੀ, ਬਿਜਲੀ, ਪੇਂਟਿੰਗ, ਟਾਇਲਾਂ, ਡਰਾਈਵਾਲ, ਫਲੋਰਿੰਗ, ਸਾਈਡਿੰਗ ਅਤੇ ਛੱਤਾਂ ਦੀ ਰਿਪੇਅਰ ਵੀ ਕਰਦੇ ਹਾਂ
PLUMBING, FINISHING CARPENTRY, ELECTRICAL, PAINTING, SIDING TILING FLOORING, ROOF REPAIR
ਅਸੀਂ ਤੁਹਾਡੀ ਪੁਰਾਣੀ ਫਾਇਰਪਲੇਸ ਨੂੰ ਨਵੀਂ ਦਿੱਖ ਦੇ ਸਕਦੇ ਹਾਂ

ਘਰ ਵਿਚ ਵਾਧੂ ਕਮਰਾ, ਬਾਥਰੂਮ ਵੀ ਬਣਵਾ ਸਕਦੇ ਹੋ
ਕਿਰਾਏ 'ਤੇ ਚਾੜ੍ਹਨ ਲਈ ਨਵੀਂ ਸੁਈਟ ਸਸਤੇ ਰੇਟਾਂ 'ਤੇ ਬਣਾਉਣ ਲਈ ਫੋਨ ਕਰੋ
ਗੁਰਪ੍ਰੀਤ ਗਰਚਾ - 778-892-1243



BOOK YOUR FIRST VISIT TODAY!
Registered Massage Therapy
Physiotherapy
Direct Billing to all Insurance Providers
ICBC and WorksafeBC claims accepted
208 - 15315 66 Avenue Surrey, BC
Call Now
604-354-5151

# ਮੁਹੱਬਤ ਦਾ ਇਜ਼ਹਾਰ ਇੰਝ ਵੀ ਹੁੰਦਾ

ਜਦੋਂ ਵੀ ਮੁਹੱਬਤ ਦੀ ਗੱਲ ਤੁਰਦੀ ਹੈ ਤਾਂ ਸਾਡੇ ਦਿਲੋ ਦਿਮਾਗ਼ ਵਿੱਚ ਰੁਮਾਂਟਿਕ ਫਿਲਮੀ ਦ੍ਰਿਸ਼ ਉੱਭਰਨ ਲੱਗਦੇ ਹਨ। ਜਿਵੇਂ ਚੰਨ ਤਾਰੇ ਤੋੜ ਕੇ ਲਿਆਉਣ ਦੀਆਂ ਗੱਲਾਂ, ਇੱਕ ਦੂਜੇ ਤੋਂ ਜਾਨ ਵਾਰਨ ਦੀਆਂ ਗੱਲਾਂ, ਅੰਬਰਾਂ ਵਿੱਚ ਮਹਿਲ ਮੁਨਾਰੇ ਬਣਾਉਣ ਦੀਆਂ ਗੱਲਾਂ ਆਦਿ। ਜਦੋਂ ਕਿ ਅਸਲੀ ਮੁਹੱਬਤ ਇੱਕ ਅਜਿਹਾ ਮਹੀਨ ਰੁਹਾਨੀ ਫ਼ਲਸਫ਼ਾ ਹੈ, ਜਿਸ ਦੀ ਗਹਿਰਾਈ ਨੂੰ ਸਮਝਣਾ ਖਾਅਲਾ ਜੀ ਦਾ ਵਾੜਾ ਨਹੀਂ। ਖ਼ੈਰ, ਦੁਨਿਆਵੀ ਗਰਜ਼ਮੰਦਾਂ ਦੀ ਮੁਹੱਬਤ ਤਾਂ ਇਨ੍ਹਾਂ ਮਿੱਠੀਆਂ ਹਵਾਈ ਗੱਲਾਂ ਵਾਂਗ ਹੀ ਹੁੰਦੀ ਹੈ ਤੇ ਇਹ ਮਿੱਠੀਆਂ ਗੱਲਾਂ ਵਿਆਹ ਤੋਂ ਪਹਿਲਾਂ ਬੇਹੱਦ ਕਾਰਗਰ ਵੀ ਸਹਾਈ ਹੁੰਦੀਆਂ ਹਨ, ਪ੍ਰੰਤੂ ਵਿਆਹ ਮਗਰੋਂ ਜ਼ਿੰਦਗੀ ਦੀਆਂ ਬਦਲਦੀਆਂ ਲੋੜਾਂ, ਆਸਾਂ-ਉਮੀਦਾਂ ਅਤੇ ਹਾਲਾਤ ਕਾਰਨ ਮੁਹੱਬਤ ਦੇ ਮਾਅਨੇ ਵੀ ਬਦਲ ਜਾਂਦੇ ਹਨ।



ਅਜੋਕੇ ਸਮਾਜ ਵਿੱਚ ਅਕਸਰ ਪਤਨੀਆਂ ਨੂੰ ਆਪਣੇ ਪਤੀਆਂ ਕੋਲੋਂ ਇਹੀ ਸ਼ਿਕਵਾ ਰਹਿੰਦਾ ਹੈ ਕਿ ਪਤੀ ਵਿਆਹ ਤੋਂ ਪਹਿਲਾਂ ਜਿੰਨੀ ਮੁਹੱਬਤ ਕਰਦਾ ਸੀ, ਵਿਆਹ ਮਗਰੋਂ ਓਨੀ ਮੁਹੱਬਤ ਨਹੀਂ ਕਰਦਾ। ਵਿਆਹ ਤੋਂ ਪਹਿਲਾਂ ਜੋ ਆਪਣੀ ਮਹਿਬੂਬਾ ਲਈ ਜਾਨ ਦੇਣ ਤੱਕ ਤਿਆਰ ਹੋ ਜਾਂਦੇ ਹਨ, ਵਿਆਹ ਮਗਰੋਂ ਜੇਕਰ ਪਤਨੀ ਉਨ੍ਹਾਂ ਨੂੰ ਕੋਈ ਘਰੇਲੂ ਕੰਮ ਕਰਨ ਲਈ ਕਹਿ ਦੇਵੇ ਤਾਂ ਜਾਨ ਨਿਕਲ ਜਾਂਦੀ ਹੈ। ਮਗਰਲੀ ਜ਼ਿੰਦਗੀ ਵਿੱਚ ਸਿਰਫ਼ ਮਿੱਠੀਆਂ ਗੱਲਾਂ ਨਾਲ ਮੁਹੱਬਤ ਦਾ ਇਜ਼ਹਾਰ ਨਹੀਂ ਕੀਤਾ ਜਾ ਸਕਦਾ ਸਗੋਂ ਪਤਨੀ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣਾ, ਖ਼ਾਸ ਕਰਕੇ ਘਰੇਲੂ ਕੰਮਾਂ-ਕਾਰਾਂ ਵਿੱਚ ਹੱਥ ਵਟਾਉਣਾ ਤੇ ਦਿਨ ਚੜ੍ਹਦੀ ਜ਼ਿੰਦਗੀ ਦੇ ਬੋਝ ਨੂੰ ਰਲ ਮਿਲ ਕੇ ਚੁੱਕਣਾ ਹੀ ਮੁਹੱਬਤ ਦਾ ਪ੍ਰਗਟਾਵਾ ਹੁੰਦਾ ਹੈ। ਰਬਿੰਦਰਨਾਥ ਟੈਗੋਰ ਦਾ ਕਥਨ ਹੈ 'ਪਿਆਰ ਉਹ ਨਹੀਂ ਜੋ ਕਿਸੇ ਨੂੰ ਆਪਣਾ ਬਣਾ ਲਏ, ਪਿਆਰ ਉਹ ਹੈ ਜੋ ਕਿਸੇ ਦੇ ਨਾਲ ਮਿਲ ਕੇ ਜਿਉਣਾ ਸਿਖਾ ਦੇਵੇ।'

ਪਤੀ-ਪਤਨੀ ਦਾ ਰਿਸ਼ਤਾ ਦੁਨੀਆ ਦੇ ਸਭ ਰਿਸ਼ਤਿਆਂ ਨਾਲੋਂ ਵੱਡਾ ਇਸੇ ਕਰਕੇ ਗਿਣਿਆ ਗਿਆ ਹੈ ਕਿਉਂਕਿ ਜ਼ਿੰਦਗੀ ਦੇ ਸਫ਼ਰ ਵਿੱਚ ਬਾਕੀ ਰਿਸ਼ਤਿਆਂ ਦੇ ਮੁਕਾਬਲੇ ਇਹ ਦੋਵੇਂ ਇੱਕ ਦੂਜੇ ਦੇ ਅਸਲੀ ਹਮਰਾਜ਼ ਤੇ ਹਮਰਾਹ ਹੋ ਨਿੱਬੜਦੇ ਹਨ। ਰਲਮਿਲ ਕੇ ਕੀਤੇ ਗਏ ਘਰੇਲੂ ਕੰਮ-ਕਾਰ ਜਿਵੇਂ ਭਾਂਡੇ ਮਾਂਜਣੇ, ਕੱਪੜੇ ਧੋਣੇ, ਖਾਣਾ ਬਣਾਉਣਾ, ਸਬਜ਼ੀਆਂ ਕੱਟਣੀਆਂ, ਸਾਫ਼ ਸਫ਼ਾਈ, ਬੱਚਿਆਂ ਦੀ ਸੰਭਾਲ ਆਦਿ ਨਾਲ ਜਿੱਥੇ ਥੋੜ੍ਹੇ ਸਮੇਂ ਵਿੱਚ ਵਧੀਆ ਢੰਗ ਨਾਲ ਕੰਮ ਨਿਪਟਦਾ ਹੈ, ਉੱਥੇ ਇੱਕ ਦੂਜੇ ਲਈ ਪਿਆਰ ਤੇ ਸਤਿਕਾਰ ਹੋਰ ਵਧਦਾ ਹੈ। ਪਤਨੀਆਂ ਸ਼ਬਦਾਂ ਨਾਲ ਨਹੀਂ ਸਗੋਂ ਕੰਮਾਂ ਕਾਰਾਂ ਨਾਲ ਜਤਾਈ ਮੁਹੱਬਤ ਦੀਆਂ ਕਾਇਲ ਹੁੰਦੀਆਂ ਹਨ। ਇੱਕ ਮਨੋਵਿਗਿਆਨੀ ਨੇ ਦੱਸਿਆ ਕਿ ਉਸ ਕੋਲ ਤਣਾਅ ਦੇ ਇਲਾਜ ਵਾਸਤੇ ਆਈ ਇੱਕ ਔਰਤ ਦੀ ਸਭ ਤੋਂ ਵੱਡੀ ਸਮੱਸਿਆ ਇਹੀ ਨਿਕਲੀ ਕਿ ਉਹ ਆਪਣੀ ਅੰਦਰਲੀ ਭੜਾਸ ਨਹੀਂ ਸੀ ਕੱਢ ਪਾ ਰਹੀ ਕਿਉਂਕਿ ਉਸ ਦਾ ਪਤੀ ਨਾ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦਾ ਸੀ ਅਤੇ ਨਾ ਹੀ ਉਸ ਦੇ ਗਿਲੇ ਸ਼ਿਕਵੇ ਸੁਣਦਾ ਸੀ।

ਇੱਕ ਮਨੋਵਿਗਿਆਨਕ ਤੱਥ ਇਹ ਵੀ ਹੈ ਕਿ ਘਰੇਲੂ ਕੰਮਕਾਜ ਕਰਦਿਆਂ ਸਿਰਜਣਾਤਮਕ ਵਿਚਾਰਾਂ ਦਾ ਪ੍ਰਵਾਹ ਜ਼ਿਆਦਾ ਤੇਜ਼ ਹੁੰਦਾ ਹੈ। ਮੇਰਾ ਨਿੱਜੀ ਤਜਰਬਾ ਹੈ ਕਿ ਮੇਰੀਆਂ ਅੱਧੀਆਂ ਤੋਂ ਵੱਧ ਲਿਖਤਾਂ ਦੇ ਵਿਚਾਰ ਘਰੇਲੂ ਕੰਮਕਾਰ ਕਰਦਿਆਂ ਹੀ ਜ਼ਹਿਨ ਵਿੱਚ ਆਏ ਹਨ। ਮੇਰੇ ਇੱਕ ਮਿੱਤਰ ਨੇ ਇੱਕ ਵਾਰ ਹਾਸੇ ਵਿੱਚ ਗੱਲ ਕਰਦਿਆਂ ਦੱਸਿਆ ਸੀ ਕਿ ਮੇਰੀ ਪਤਨੀ ਨੇ ਮੈਨੂੰ ਡਿਸ਼ਵਾਸ਼ਰ (ਭਾਂਡੇ ਧੋਣ ਵਾਲੀ ਮਸ਼ੀਨ) ਲੈਣ ਲਈ ਕਿਹਾ, ਪਰ ਮਹਿੰਗਾ ਹੋਣ ਕਾਰਨ ਮੈਂ ਡਿਸ਼ਵਾਸ਼ਰ ਨਹੀਂ ਲੈਣਾ ਚਾਹੁੰਦਾ ਸੀ। ਸੋ, ਘਰ ਵਿੱਚ ਭਾਂਡੇ ਮਾਂਜਣ ਦੀ ਜ਼ਿੰਮੇਵਾਰੀ ਮੈਂ ਚੁੱਕ ਲਈ ਅਤੇ ਡਿਸ਼ਵਾਸ਼ਰ ਦੇ ਬਚੇ ਪੈਸਿਆਂ ਨਾਲ ਅਸੀਂ ਪਰਿਵਾਰ ਸਮੇਤ ਪਹਾੜਾਂ ਵਿੱਚ ਛੁੱਟੀਆਂ ਮਨਾ ਆਏ। ਫਜ਼ੂਲ ਖ਼ਰਚਾ ਵੀ ਬਚ ਗਿਆ ਨਾਲੇ ਪਤਨੀ ਤੇ ਬੱਚੇ ਵੀ ਖ਼ੁਸ਼ ਹੋ ਗਏ।

ਦਰਅਸਲ, ਸਾਡੇ ਸਮਾਜ ਵਿੱਚ ਘਰੇਲੂ ਕੰਮ ਸਿਰਫ਼ ਔਰਤਾਂ ਦੀ ਹੀ ਜ਼ਿੰਮੇਵਾਰੀ ਮੰਨੇ ਜਾਂਦੇ ਹਨ, ਪਰ ਹੁਣ ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ ਤੇ ਬਹੁਤਾਤ ਵਿੱਚ ਪੁਰਸ਼ ਇਹ ਗੱਲ ਸਮਝ ਵੀ ਚੁੱਕੇ ਹਨ। ਇਸੇ ਲਈ ਅਜੋਕੇ ਸ਼ਹਿਰੀ ਸਮਾਜ ਵਿੱਚ ਅਸਲੀ ਜੈਂਟਲਮੈਨ ਉਹੀ ਮੰਨਿਆ ਜਾਂਦਾ ਹੈ ਜੋ ਪਤਨੀ ਨਾਲ ਮਿਲ ਕੇ ਕੰਮ ਕਰਨ ਵਿੱਚ ਕੋਈ ਹੀਣ ਭਾਵਨਾ ਨਾ ਮੰਨਦਾ ਹੋਵੇ। ਖ਼ਾਸ ਕਰਕੇ ਜਿੱਥੇ ਪਤੀ-ਪਤਨੀ ਦੋਵੇਂ ਨੌਕਰੀਪੇਸ਼ਾ ਹੋਣ, ਉੱਥੇ ਤਾਂ ਪਤੀ ਦਾ ਪਤਨੀ ਨਾਲ ਹਰ ਛੋਟੇ-ਵੱਡੇ ਘਰੇਲੂ ਕੰਮ ਵਿੱਚ ਹੱਥ ਵਟਾਉਣਾ ਲਾਜ਼ਮੀ ਹੋ ਜਾਂਦਾ ਹੈ। ਮੇਰੀ ਇੱਕ ਸਹਿਕਰਮੀ ਨੇ ਮੈਨੂੰ ਇੱਕ ਵਾਰ ਦੱਸਿਆ ਸੀ ਕਿ ਅਸੀਂ ਦੋਵੇਂ ਪਤੀ-ਪਤਨੀ ਜਦੋਂ ਸ਼ਾਮ ਨੂੰ ਕੰਮ ਤੋਂ ਘਰ ਜਾਂਦੇ ਹਾਂ ਤਾਂ ਦਫ਼ਤਰ ਦੀਆਂ ਗੱਲਾਂ ਇੱਕ ਦੂਜੇ ਨਾਲ ਸਾਂਝੀਆਂ ਕਰਦੇ ਕਰਦੇ ਕਦੋਂ ਰਲ ਮਿਲ ਕੇ ਕੰਮ ਨਿਪਟਾ ਲੈਂਦੇ ਹਾਂ ਪਤਾ ਹੀ ਨਹੀਂ ਚੱਲਦਾ।

(ਬਾਕੀ ਸਫਾ 19 'ਤੇ)

ਰਾਈਟਵੇਅ ਟੈਂਟ ਐਂਡ ਪਾਰਟੀ ਰੈਂਟਲ
HIGH PEAK & LOW PEAK TENT AVIALBLE HERE
ਘਰ ਵਿਚ ਕਿਸੇ ਵੀ ਪ੍ਰੋਗਰਾਮ ਲਈ ਟੈਂਟ, ਟੇਬਲ, ਕੁਰਸੀਆਂ, ਸਾਊਂਡ ਸਿਸਟਮ, ਲਾਈਟਾਂ, ਡਿਸਪੋਜ਼ੇਬਲ ਕਟਲਰੀ, ਗੈਸ ਵਾਲੇ ਚੁੱਲ੍ਹੇ/ਹੀਟਰ, ਕੁੱਕਿੰਗ ਵਾਲੇ ਭਾਂਡੇ ਤੇ ਏਰੀਆ ਰਗਜ਼ ਅਤੇ ਜਾਗੋ ਦਾ ਸਮਾਨ ਕਿਰਾਏ 'ਤੇ ਲੈਣ ਲਈ ਫੋਨ ਕਰੋ
ਕੁਲਵੰਤ ਰੰਧਾਵਾ : 604.537.6024

G.R Siding & Sundeck
Commercial & Residential
ਜੇ ਤੁਹਾਡਾ ਸਨਡੈਕ ਲੀਕ ਕਰਦਾ ਹੋਵੇ ਜਾਂ ਨਵਾਂ ਸਨਡੈਕ ਬਣਾਉਣਾ ਹੋਵੇ ਤਾਂ ਸਾਨੂੰ ਫੋਨ ਕਰੋ
• ਵਾਇਨਲ ਸਾਈਡਿੰਗ
• ਸੋਫਿਟਸ
• ਗਟਰ
• ਹਾਰਡੀ ਪਲੈਂਕ
• ਸਨਡੈਕ
• ਡਾਊਨ ਪਾਈਪ
* ਵਧੀਆ ਰੇਟ * ਫਰੀ ਐਸਟੀਮੇਟ
ਨਿੰਦਰ ਵਿਰਕ
604-537-8475

ਕੀ ਤੁਸੀਂ ਪੇਂਟ ਕਰਨ ਬਾਰੇ ਸੋਚ ਰਹੇ ਹੋ?
ਸਾਨੂੰ ਹੁਣੇ ਹੀ ਫੋਨ ਕਰੋ ਅਸੀਂ ਤੁਹਾਡੇ ਲਈ ਪੇਂਟ ਦਾ ਕੰਮ ਕਰਾਂਗੇ
ਰੀਪੇਂਟ ਕਰਾਉਣ 'ਤੇ ਸਪੈਸ਼ਲ ਛੋਟ
DMJ Painting Ltd.
We Specialize in:
• Old & New Homes
• Town Houses Apartments
• Commercial & Residential
• Interior & Exterior
• Any kind of Paint Job
• Stucco Paint
• Spray Painting
• Roller Painting
• Pressure Washing
• Sky Paint for Ceiling
• Fence Painting
ਮਨਦੀਪ ਪੁਰੇਵਾਲ
604.767.4954
ਜੱਗਾ-604.338.7147
✓ ਵਧੀਆ ਕੁਆਲਿਟੀ ਦਾ ਕੰਮ
✓ ਫਾਸਟ ਸਰਵਿਸ
✓ ਮੁਫਤ ਐਸਟੀਮੇਟ
ਪੁਰਾਣੇ ਤੇ ਨਵੇਂ ਘਰਾਂ ਦਾ ਕੰਮ ਤਸੱਲੀਬਖਸ਼ ਵਾਜਿਬ ਕੀਮਤਾਂ 'ਤੇ ਕਰਦੇ ਹਾਂ

Quality Service - Satisfaction Guaranteed
Exquisite Designs At Best Rates...
CITY WOODCRAFT LTD.
All Kinds of Fine Woodworking
✓ STAIR RAILING
✓ METAL SPINDLES
✓ BRASS SPINDLES
✓ ARCHES & PILLARS
✓ STAIRCASE WOOD GLASS
MANDEEP BASRA
778-772-7576
604-599-6360
Unit # 7-8307/124th Street Surrey

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ!
ਲੱਖੀ ਰੈਨੋਵੇਸ਼ਨ
• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਂਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ
15 ਸਾਲਾਂ ਦਾ ਤਜ਼ਰਬਾ
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ
ਹੋਰ ਜਣਕਾਰੀ ਲਈ ਫੋਨ ਕਰੋ:
ਲਖਵਿੰਦਰ ਸੈਂਹਬੀ : 604-621-0206
Lakhwindersembhi@yahoo.ca

ਇੰਦੋਰ ਬੈਟਮਾ ਸਾਹਿਬ ਸੀਟ ਮੇਕਰ
#102-8642-128 ਸਟਰੀਟ ਸਰੀ, ਬੀ ਸੀ
* ਟਰੱਕ ਦੀ ਲਾਇਨੋ ਪਾਉਂਦੇ ਹਨ
* ਸੋਫਿਆਂ ਦੇ ਕਵਰ ਤੇ ਸੋਫੇ ਠੀਕ ਵੀ ਕਰਦੇ ਹਨ
* ਕਾਰਾਂ/ਟਰੱਕਾਂ/ਬੱਸਾਂ ਦੇ ਲੈਦਰ ਸੀਟ ਕਵਰ
* ਕੁਰਸੀਆਂ ਦੇ ਕਵਰ
* ਡਾਇਨਿੰਗ ਚੇਅਰਾਂ ਦੇ ਕਵਰ
* ਖੁੱਲ੍ਹੇ ਕਵਰ
* 50 ਸਾਲ ਦਾ ਤਜ਼ਰਬਾ
* ਮੁਫਤ ਐਸਟੀਮੇਟ
ਸਾਧੂ ਸਿੰਘ ਸਿੱਧੂ
ਹੋਰ ਜਾਣਕਾਰੀ ਲਈ ਸੰਪਰਕ ਕਰੋ
604-442-8003

DREAM VIEW KITCHEN CABINETS LTD.
#5 - 12372 - 84TH AVE, SURREY
ਸਾਨੂੰ ਵਰਕਰਾਂ ਦੀ ਵੀ ਲੋੜ ਹੈ!
PVC & MDF DOORS
• ਸੋਲਿਡ ਮੈਪਲ • ਸੋਲਿਡ ਓਕ • ਪੈਨਲ ਓਕ
• ਪੈਨਲ ਮਿਟਰ ਡੋਰਜ਼ • ਪੈਨਲ ਮੈਪਲ • ਮਿਟਰ ਮੈਪਲ
ਫਰੀ ਐਸਟੀਮੇਟ ਲੈਣ ਲਈ ਫੋਨ ਕਰੋ: ਬਿੰਦਰ ਬਾਸੀ
604-537-9151

ਇੰਡੋ-ਕੈਨੇਡੀਅਨ ਆਵਾਜ਼ MATRIMONIAL & CLASSIFIEDS

Send Via:
Phone: 604-502-6100
Fax: 604-501-6111
Email: awaazeditor@gmail.com

VISA MasterCard

Box Replies to
The Indo-Canadian Awaaz
#102 - 9360 - 120th St., Surrey, BC V3V 4B9

RATES:
25-30 words .... $45.00/2wks
Extra word ............... 25¢ each
Box Rental ............... $10 Extra

AD DEADLINE: WEDNESDAY BY NOON

## ਲੜਕੀ ਦੀ ਲੋੜ

ਇੰਡੀਆ ਤੋਂ ਮੋਗੇ ਨਾਲ ਸਬੰਧਤ 27 ਸਾਲਾ ਜੱਟ ਸਿੱਖ ਗਿੱਲ , ਕੱਦ 6 ਫੁੱਟ, ਇੰਡੀਆ ਤੋਂ ਟਰੱਕ ਡੀਜਲ ਮਕੈਨਿਕ ਦਾ ਡਿਪਲੋਮਾ ਕੀਤੇ ਹੋਏ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕਾ ਕੈਨੇਡਾ ਵਿਚ ਵਰਕ ਪਰਮਿੱਟ 'ਤੇ ਹੈ। ਲੜਕਾ ਏਥੇ ਆਪਣੀ ਭੂਆ ਕੋਲ ਰਹਿੰਦਾ ਹੈ। ਲੜਕੇ ਦੀ ਭੈਣ ਵਿਨੀਪੈਗ ਵਿਚ ਰਹਿੰਦੀ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**604-783-6089**

---

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ 41 ਸਾਲਾ ਰਾਮਗੜ੍ਹੀਆ , ਕੱਦ 6 ਫੁੱਟ 2 ਇੰਚ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਪੂਰੀ ਤਰ੍ਹਾਂ ਸੈਟਲ ਹੈ। ਹੋਰ ਜਾਣਕਾਰੀ ਫੋਨ ਕਰੋ:**+1-778-240-8083 or what's app** 'ਤੇ **+91 98142-58783**

---

## ਲੜਕੀ ਦੀ ਲੋੜ

ਲੁਧਿਆਣੇ ਨਾਲ ਸਬੰਧਤ 25 ਸਾਲਾ ਸਰਸਵਤੀ ਬ੍ਰਾਹਮਣ, ਕੈਨੇਡੀਅਨ ਸਿਟੀਜ਼ਨ (ਜਨਮ ਸਥਾਨ ਲੁਧਿਆਣਾ, ਜਨਮ ਦੀ ਤਰੀਖ 12-12-95 ਸਮਾਂ ਸਵੇਰੇ 10:35), ਐਪਲੀਕੇਸ਼ਨ ਟੈਕਨੀਸ਼ੀਅਨ ਲੜਕੇ ਲਈ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਵਰਕਰ ਪਰਮਿੱਟ 'ਤੇ ਕੈਨੇਡਾ 'ਚ ਆਈ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**604-999-7125**

---

## ਲੜਕੀ ਦੀ ਲੋੜ

ਕੈਨੇਡਾ ਵਿਚ ਰਹਿ ਰਹੇ ਬ੍ਰਾਹਮਣ ਪਰਿਵਾਰ ਦੇ 25 ਸਾਲਾ, ਕੱਦ 5 ਫੁੱਟ 8 ਇੰਚ, ਇਲੈਕਟ੍ਰੀਸ਼ੀਅਨ ਦਾ ਕੋਰਸ ਕਰ ਰਹੇ ਅਤੇ ਨਾਲ ਹੀ ਕੈਨੇਡਾ ਵਿਚ ਆਪਣਾ ਫਲੋਰਿੰਗ, ਟਾਇਲਾਂ ਦਾ ਕਾਰੋਬਾਰ ਅਤੇ ਸਟੋਰ ਹੈ, ਲੜਕੇ ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਸੈਟਲ ਹੈ । Girl must be on general cast. ਫੋਨ ਕਰੋ: **236-632-3601**

---

## ਲੜਕੀ ਦੀ ਲੋੜ

ਗੁਰਸਿੱਖ ਪਰਿਵਾਰ ਨਾਲ ਸਬੰਧਤ 31 ਸਾਲਾ, ਕੱਦ 6 ਫੁੱਟ, ਕੈਨੇਡੀਅਨ ਸਿਟੀਜ਼ਨ, ਡਬਲ ਐਮ ਏ, ਅੱਜਕੱਲ ਯੂ ਬੀ ਸੀ ਵਿਚ ਮੈਡੀਕਲ ਦੀ ਪੜ੍ਹਾਈ ਕਰ ਰਹੇ, ਧਾਰਮਿਕ, ਵੈਜੀਟੇਰੀਅਨ, ਅੰਗਰੇਜ਼ੀ/ਪੰਜਾਬੀ ਬੋਲਣ/ਸਮਝਣ ਵਿਚ ਪੂਰੀ ਮੁਹਾਰਤ ਰੱਖਣ ਵਾਲੇ ਪਰਿਵਾਰਕ ਲੜਕੇ ਲਈ ਪੜ੍ਹੀ-ਲਿਖੀ, ਸੁੰਦਰ, ਦੋਵੇਂ ਕਲਚਰ ਨੂੰ ਸਮਝਣ ਵਾਲੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**604-379-5928**

---

## ਲੜਕੇ ਦੀ ਲੋੜ

ਕੈਨੇਡਾ ਵਿਚ ਵੱਡੀ ਹੋਈ ਅਤੇ ਕੈਨੇਡਾ ਵਿਚ ਪੜ੍ਹੀ 30 ਸਾਲਾ ਸੈਣੀ (ਸਿੱਖ) ਕੱਦ 5 ਫੁੱਟ 2 ਇੰਚ, ਖੂਬਸੂਰਤ, ਬੈਚੂਲਰ ਇਨ ਸਾਇੰਸ ਇਨ ਬਾਇਅਲੋਜੀ, ਬੀ ਸੀ ਗੌਰਮਿੰਟ ਨਾਲ Procurement ਅਫਸਰ ਵਜੋਂ ਕੰਮ ਕਰਦੀ, ਪਰਿਵਾਰਕ ਲੜਕੀ ਲਈ ਕਨੈਡਾ ਵਿਚ ਵੱਡੇ ਹੋਏ ਤੇ ਪੜ੍ਹਲਿਖੇ ਪ੍ਰੋਫੈਸ਼ਨਲ ਨੌਕਰੀ ਕਰਦੇ ਲੜਕੇ ਦੀ ਲੋੜ ਹੈ। ਹੋਰ ਜਾਣਕਰੀ ਲਈ ਫੋਨ ਕਰੋ ਜਾਂ ਵਟਸਐਪਕਰੋ: **1-778-688-7985** ( ਰਾ.ਗੁ)

---

## ਲੜਕੇ ਦੀ ਲੋੜ

27 ਸਾਲਾ ਖੂਬਸੂਰਤ ਕੈਨੇਡੀਅਨ ਪੀ ਆਰ ਸੈਣੀ ਕੱਦ 5 ਫੁੱਟ 1 ਇੰਚ, ਕੈਨੇਡਾ ਦੀ ਯੂਨਰਸਿਟੀ ਤੋਂ BBA, CPA ਕੀਤੀ ਹੋਈ ਹੈ। ਵੈਨਕੂਵਰ ਵਿਖੇ ਅਕਾਊਂਟਿੰਗ ਵਿਚ ਫਰਮ ਅਸੈਸਟੈਂਟ ਮੈਨੇਜਰ ਵਜੋਂ ਨੌਕਰੀ ਕਰਦੀ ਅਤੇ ਸਲਾਨਾਂ 92,000 ਡਾਲਰ ਕਮਾਉਂਦੀ ਲੜਕੀ ਲਈ ਪ੍ਰੋਫੈਸ਼ਨਲ ਕੁਆਲੀਫਾਈਡ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**1-778-688-7985** (ਰ ਗੁ)

---

## ਸਰੀ ਵਿਚ 2 ਪ੍ਰਾਈਵੇਟ ਆਫਿਸ ਕਿਰਾਏ ਲਈ ਖਾਲੀ

ਸਰੀ ਵਿਚ 124 ਸਟਰੀਟ ਉੱਤੇ ਅਤੇ 82 ਐਵੇਨਿਊ ਦੇ ਨੇੜੇ 2 ਪ੍ਰਾਈਵੇਟ ਆਫਿਸ ਰਿਸੈਪਸ਼ਨ ਏਰੀਆ, ਸਟਿੰਗ ਏਰੀਆ, ਵਾਸ਼ਰੂਮ ਸਮੇਤ ਕਿਰਾਏ ਲਈ ਖਾਲੀ ਹਨ। ਸਰੀ ਵਿਚ ਹੀ ਇਕ ਹੋਰ ਪ੍ਰਾਈਵੇਟ ਆਫਿਸ 128 ਸਟਰੀਟ ਅਤੇ 76 ਐਵੇਨਿਊ 'ਤੇ ਕਿਰਾਏ ਲਈ ਖਾਲੀ ਹੈ। ਫੋਨ ਕਰੋ:604-727-0109

## ਕਲਾਸ ਵੰਨ ਟਰੱਕ ਡਰਾਈਵਰਾਂ ਦੀ ਲੋੜ

ਸਾਨੂੰ ਆਪਣੀ ਟਰੱਕਿੰਗ ਕੰਪਨੀ ਲਈ ਹਾਈਵੇਅ 'ਤੇ ਚੱਲਣ ਵਾਲੇ ਕਲਾਸ ਵੰਨ ਟਰੱਕ ਡਰਾਈਵਰਾਂ ਦੀ ਸਖਤ ਜ਼ਰੂਰਤ ਹੈ। 55 ਸੈਂਟ ਤੋਂ 60 ਸੈਂਟ+ ਪ੍ਰਤੀ ਮੀਲ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਣਗੇ। ਘੱਟੋ ਘੱਟ ਸਾਲ ਦਾ ਤਜ਼ਰਬਾ ਅਤੇ ਅਮਰੀਕਾ ਦਾ ਵੀਜ਼ਾ ਹੋਣਾ ਲਾਜ਼ਮੀ ਹੈ। ਕੈਨੇਡਾ ਤੇ ਅਮਰੀਕਾ ਤੋਂ ਲੋਡ ਲੈਣੇ ਤੇ ਡਲਿਵਰ ਕਰਨੇ ਹਨ। ਹੋਰ ਜਾਣਕਾਰੀ ਲਈ ਫੋਨ ਕਰੋ:**778-863-9941 or 672-699-1366** ਜਾਂ ਈਮੇਲ ਕਰੋ, *info@midastransport.ca*

## ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਜ਼ਰੂਰਤ

ਨਿਊ ਵਰਲਡ ਫਰੇਮਿੰਗ ਕੰਪਨੀ ਵਾਲਿਆਂ ਨੂੰ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ। ਤਜ਼ਰਬੇ ਅਨੁਸਾਰ ਤਨਖਾਹ 16 ਡਾਲਰ ਤੋਂ 24 ਡਾਲਰ ਤੱਕ ਪ੍ਰਤੀ ਘੰਟਾ ਦਿੱਤੀ ਜਾਵੇਗੀ। ਰਾਈਡ ਦਾ ਪੂਰਾ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:

**ਫੋਨ ਕਰੋ:604-710-1293**

## ਵੇਅਰਹਾਊਸ ਵਰਕਰਾਂ ਦੀ ਜ਼ਰੂਰਤ

ਡੈਲਟਾ ਵਿਚ ਪੁਰਾਣੇ ਕੱਪੜਿਆਂ ਦੇ ਵੇਅਰਹਾਊਸ ਲਈ ਸਾਨੂੰ ਪੁਰਾਣੇ ਕੱਪੜਿਆਂ ਦੀ ਛਾਂਟੀ ਲਈ ਵਰਕਰਾਂ ਦੀ ਸਖਤ ਲੋੜ ਹੈ। ਕੰਮ ਫੁੱਲ ਟਾਈਮ ਹੈ। ਕੰਮ ਸਵੇਰੇ 6:00 ਵਜੇ ਤੋਂ ਦੁਪਹਿਰ 2:30 ਵਜੇ ਤੱਕ। ਰਾਈਡ ਦਾ ਪੂਰਾ ਪ੍ਰਬੰਧ ਹੋ ਸਕਦਾ ਹੈ। ਐਪਲੀਕੇਸ਼ਨ ਭਰਨ ਲਈ ਸਾਡੇ ਦਫਤਰ ਆਉਣਾ ਪਵੇਗੇ। ਸਾਡਾ ਪਤਾ ਹੈ: **Delta Textiles Exporters Inc. 109 Braid Street, New Westminster, V3L 5H4 Building D** ਜਾਂ ਫੋਨ ਕਰੋ:**604-942-2214**

## ਕਾਰਪੈਟ ਕਲੀਨਿੰਗ ਅਤੇ ਪ੍ਰੈਸ਼ਰਵਾਸ਼

### ਰੈਜ਼ੀਡੈਂਸ਼ੀਅਲ ਐਂਡ ਕਮਰਸ਼ੀਅਲ



ਫਰਨਿਸ਼ ਅਤੇ ਡੱਕ ਕਲੀਨਿੰਗ ਕਾਰਪੈਟ ਕਲੀਨਿੰਗ
ਵਿੰਡੋ ਕਲੀਨਿੰਗ ਫਲੋਰ ਵੈਕਸਿੰਗ

ਘਰ-ਕਮਰਸ਼ੀਅਲ, ਸਾਈਡਵਾਕ, ਡਰਾਈਵ ਵੇਅ ਤੇ ਛੱਤਾਂ ਵੀ ਪ੍ਰੈਸ਼ਰਵਾਸ਼ ਕਰਦੇ ਹਾਂ

* ਅਸੀਂ ਵਧੀਆ ਸਰਵਿਸ ਅਤੇ ਭਰਾਵਾਂ ਵਰਗਾ ਵਰਤਾਓ ਦਿੰਦੇ ਹਾਂ
* ਸਾਨੂੰ ਇਕ ਵਾਰ ਫੋਨ ਜ਼ਰੂਰ ਕਰੋ

ਮੁਫਤ ਐਸਟੀਮੇਟ ਲੈਣ ਲਈ ਕ੍ਰਿਪਾ ਕਰਕੇ ਫੋਨ ਕਰੋ

**ਸੇਖੋਂ:604.725-2148**

## ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਲੋੜ

ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ ਨੂੰ ਵਰਕਰਾਂ ਦੀ ਸਖਤ ਜ਼ਰੂਰਤ ਹੈ। ਕੰਮ ਹਫਤੇ ਦੇ 6 ਦਿਨ ਹੋਵੇਗਾ। ਨਵੇਂ ਆਏ ਵੀ ਅਪਲਾਈ ਕਰ ਸਕਦੇ ਹਨ। ਤਜ਼ਰਬੇ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਸਰ/ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

**ਸਾਡੇ ਕੋਲ ਅਪਰੂਵਡ Approved LMIA ਵੀ ਉਪਲਬੱਧ ਹਨ**

**ਸੰਪਰਕ ਕਰੋ (ਸੁੱਖ)**

**604-767-1487**

## ਦੋਆਬਾ ਕੰਸਟਰਕਸ਼ਨ ਕੰਪਨੀ ਵਾਲਿਆਂ ਨੂੰ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਜ਼ਰੂਰਤ

ਦੋਆਬਾ ਕੰਸਟਰਕਸ਼ਨ ਕੰਪਨੀ ਵਾਲਿਆਂ ਨੂੰ ਫਰੇਮਿੰਗ ਦੇ ਕੰਮ ਲਈ ਤਜ਼ਰਬੇਕਾਰ ਜਾਂ ਬਿਨਾਂ ਤਜ਼ਰਬੇ ਫੁੱਲ ਟਾਈਮ ਵਰਕਰਾਂ ਦੀ ਸਖਤ ਜ਼ਰੂਰਤ ਹੈ। ਕੰਮ ਵੈਨਕੂਵਰ ਅਤੇ ਬਨਰਬੀ ਵਿਚ ਹੈ। ਵੈਨਕੂਵਰ ਅਤੇ ਬਰਨਬੀ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਤਜ਼ਰਬੇ ਅਨੁਸਾਰ ਬਹੁਤ ਹੀ ਵਧੀਆ ਤਨਖਾਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਫੋਨ ਕਰੋ:**604-307-0853**

## KING 73 RENO LTD.

*We Do All Kind Of Renovation*



* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

**FREE ESTIMATES**

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

**Gurdeep S. Gill**

**778.896.4555**

king73renoltd@gmail.com

www.king73reno.com

# ਬੰਦੇ ਖੋਜ ਦਿਲ ਹਰ ਰੋਜ



ਮਨੁੱਖ ਦੀਆਂ ਸਾਰੀਆਂ ਇੱਛਾਵਾਂ, ਸੰਭਾਵਨਾਵਾਂ, ਤਰੱਕੀਆਂ, ਸਵਾਲ, ਜਵਾਬ ਸਭ ਕੁਝ ਉਸ ਦੇ ਮਨ ਵਿੱਚ ਹੀ ਹਨ। ਮਨੁੱਖ ਦਾ ਮਨ ਸਥੂਲ ਨਹੀਂ ਸੂਖਮ ਹੈ। ਉਸ ਦੀ ਸਮਰੱਥਾ ਕਿਸੇ ਵੀ ਸੁਪਰ ਕੰਪਿਊਟਰ ਤੋਂ ਜ਼ਿਆਦਾ ਹੈ। ਬਸ ਸਮੱਸਿਆ ਇਹ ਹੈ ਕਿ ਬੰਦਾ ਆਪਣੇ ਮਨ ਵਿੱਚ ਉਤਰਨ ਦੀ ਕੋਸ਼ਿਸ਼ ਨਹੀਂ ਕਰਦਾ। ਬੰਦਾ ਸਾਰਾ ਜ਼ੋਰ ਦੂਜੇ ਦੇ ਮਨ ਨੂੰ ਪੜ੍ਹਨ ਲਈ ਲਾ ਦਿੰਦਾ ਹੈ। ਸਾਰੀ ਜ਼ਿੰਦਗੀ ਪਰਮਾਤਮਾ ਨੂੰ ਮਨ ਵਿੱਚ ਵਸਾਉਣ ਦੀ ਕੋਸ਼ਿਸ਼ ਵਿੱਚ ਲੱਗਾ ਰਹਿੰਦਾ ਹੈ। ਉਹ ਇਹ ਸਮਝਦਾ ਹੀ ਨਹੀਂ ਕਿ ਪਰਮਾਤਮਾ ਮਨ ਵਿੱਚ ਹੀ ਤਾਂ ਹੈ।

ਜਿਵੇਂ ਮਿਰਗ ਕਸਤੂਰੀ ਨੂੰ ਜੰਗਲ ਵਿੱਚ ਲੱਭਦਾ ਫਿਰਦਾ ਹੈ, ਇਸੇ ਤਰ੍ਹਾਂ ਮਨੁੱਖ ਆਪਣੇ ਸਵਾਲਾਂ ਦੇ ਜਵਾਬ ਲੱਭਣ ਲਈ ਜ਼ਿੰਦਗੀ ਭਰ ਭਟਕਦਾ ਹੈ। ਉਸ ਦੀਆਂ ਕਈ ਜਗਿਆਸਾਵਾਂ ਹਨ, ਕਈ ਸਵਾਲ ਹਨ। ਇਨ੍ਹਾਂ ਦੀ ਖੋਜ ਵਿੱਚ ਉਹ ਭਟਕਦਾ ਹੈ। ਕਿਤਾਬਾਂ ਪੜ੍ਹਦਾ ਹੈ। ਨਵੀਆਂ ਨਵੀਆਂ ਖੋਜਾਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ, ਪਰ ਉਸ ਦੇ ਹੱਥ ਪੱਲੇ ਬਹੁਤੀ ਵਾਰ ਕੁਝ ਵੀ ਨਹੀਂ ਪੈਂਦਾ। ਉਹ ਬਹੁਤ ਕੋਸ਼ਿਸ਼ ਕਰਦਾ ਹੈ ਕਿ ਦੂਸਰਿਆਂ ਨੂੰ ਸਮਝ ਲਵੇ, ਪਰ ਇਹ ਨਹੀਂ ਸਮਝਦਾ ਕਿ ਸਮਝ ਤਾਂ ਉਸ ਨੂੰ ਖੁਦ ਦੀ ਵੀ ਨਹੀਂ ਆਈ।

ਅੱਜਕੱਲ੍ਹ ਦੇ ਸਮੇਂ ਵਿੱਚ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਅਜਿਹੀਆਂ ਹਨ ਜਿਨ੍ਹਾਂ ਦੀ ਸ਼ੁਰੂਆਤ ਮਨ ਤੋਂ ਹੁੰਦੀ ਹੈ। ਮਨੁੱਖ ਡਾਕਟਰਾਂ ਦੇ ਇਲਾਜ ਦੇ ਝਮੇਲਿਆਂ ਵਿੱਚ ਉਲਝ ਕੇ ਸਰੀਰਕ ਤੌਰ 'ਤੇ ਬਿਮਾਰੀ ਨੂੰ ਹਰਾਉਣਾ ਚਾਹੁੰਦਾ ਹੈ। ਕੋਈ ਨਹੀਂ ਜਾਣਦਾ ਕਿ ਇਸ ਤੋਂ ਨਿਜਾਤ ਪਾਉਣ ਦਾ ਤਰੀਕਾ ਉਸ ਦੇ ਅੰਦਰ ਹੈ। ਉਸ ਨੂੰ ਇਹ ਕਦੇ ਵੀ ਪਤਾ ਨਹੀਂ ਲੱਗਦਾ ਕਿ ਉਸ ਦੇ ਅੰਦਰ ਕਿਹੜੀ ਸ਼ਕਤੀ ਹੈ। ਉਸ ਸ਼ਕਤੀ ਨੂੰ ਸਮਝਣਾ ਤਾਂ ਬਹੁਤ ਦੂਰ ਦੀ ਗੱਲ ਹੈ, ਮਨੁੱਖ ਨੂੰ ਉਸ ਬਾਰੇ ਅੰਦਾਜ਼ਾ ਵੀ ਨਹੀਂ ਹੁੰਦਾ।

ਸਾਡੇ ਮਨ ਦੇ ਤਿੰਨ ਹਿੱਸੇ ਹਨ। ਅਚੇਤ ਮਨ, ਸੁਚੇਤ ਮਨ ਤੇ ਅਰਧ ਚੇਤਨ ਮਨ। ਚੇਤਨ ਜਾਂ ਸੁਚੇਤ ਮਨ ਉਹ ਹੈ ਜਿਸ ਨੂੰ ਅਸੀਂ ਜਾਣਦੇ ਹਾਂ, ਸਮਝਦੇ ਹਾਂ। ਸਾਡਾ ਦਿਮਾਗ਼ ਜਿਸ ਤਰ੍ਹਾਂ ਚੱਲ ਰਿਹਾ ਹੈ, ਜਿਸ ਤਰ੍ਹਾਂ ਦੀ ਸਾਡੀ ਸੋਚ ਹੈ ਉਸ ਤੋਂ ਅਸੀਂ ਜਾਣੂ ਹੁੰਦੇ ਹਾਂ, ਪਰ ਸਾਡੀ ਜ਼ਿੰਦਗੀ 'ਤੇ ਬਹੁਤਾ ਅਸਰ ਅਰਧ ਚੇਤਨ ਮਨ ਦਾ ਹੈ। ਉਹ ਮਨ ਜਿਸ ਤੋਂ ਅਸੀਂ ਜਾਣੂ ਨਹੀਂ। ਇਸ ਨੂੰ ਅੰਗਰੇਜ਼ੀ ਵਿੱਚ ਸਬਕੌਨਸ਼ੀਅਸ ਮਾਈਂਡ ਵੀ ਕਹਿੰਦੇ ਹਨ। ਬਹੁਤ ਵਾਰ ਹੁੰਦਾ ਹੈ ਕਿ ਕੋਈ ਘਟਨਾ ਵਾਪਰਦੀ ਹੈ ਤੇ ਸਾਨੂੰ ਲੱਗਦਾ ਹੈ ਕਿ ਇਹ ਸਾਨੂੰ ਪਹਿਲਾਂ ਹੀ ਲੱਗਦਾ ਸੀ ਕਿ ਹੋਵੇਗਾ। ਇੱਥੇ ਅਰਧ ਚੇਤਨ ਮਨ ਕੰਮ ਕਰ ਰਿਹਾ ਹੈ। ਮਨੁੱਖੀ ਮਨ ਦੀ ਅਪਾਰ ਸ਼ਕਤੀ ਉਸ ਦੇ ਅਰਧ ਚੇਤਨ ਮਨ ਵਿੱਚ ਪਈ ਹੈ।

ਮਨੁੱਖ ਦੀ ਹਰ ਬਿਮਾਰੀ ਦਾ ਇਲਾਜ ਉਸ ਦੇ ਅਰਧ ਚੇਤਨ ਮਨ ਕੋਲ ਹੈ। ਮਨੋਵਿਗਿਆਨਕ ਕਹਿੰਦੇ ਨੇ ਕਿ ਜਦੋਂ ਮਨੁੱਖ ਕੌਮਾ ਵਿੱਚ ਪਿਆ ਹੁੰਦਾ ਹੈ ਉਦੋਂ ਵੀ ਉਹ ਗੱਲਾਂ ਨੂੰ ਸੁਣਦਾ ਤੇ ਸਮਝਦਾ ਹੈ। ਇਹ ਠੀਕ ਹੈ ਕਿ ਉਸ ਦਾ ਜਵਾਬ ਨਹੀਂ ਦੇ ਸਕਦਾ। ਅਧਿਆਤਮ ਨੇ ਮਨ ਨੂੰ ਪਰਮਾਤਮਾ ਦਾ ਰੂਪ ਦੱਸਿਆ ਹੈ। ਅਸੀਂ ਇਸ ਨੂੰ ਪਰਮਾਤਮਾ ਦਾ ਅੰਸ਼ ਵੀ ਕਹਿ ਸਕਦੇ ਹਾਂ। ਇਹ ਉਸ ਸ਼ਕਤੀ ਦਾ ਹਿੱਸਾ ਹੈ ਜਿਸ ਨਾਲ ਇਹ ਬ੍ਰਹਿਮੰਡ ਚੱਲ ਰਿਹਾ ਹੈ। ਜਿਸ ਬੰਦੇ ਨੂੰ ਇਸ ਦੀ ਸਮਝ ਆ ਜਾਵੇ ਉਹ ਦੁਨੀਆ 'ਤੇ ਕਾਬੂ ਪਾ ਲੈਂਦਾ ਹੈ। ਦੁਨੀਆ 'ਤੇ ਕਾਬੂ ਪਾ ਲੈਣ ਦਾ ਭਾਵ ਇਹ ਨਹੀਂ ਕਿ ਦੁਨੀਆ ਨੂੰ ਜਿੱਤ ਲੈਂਦਾ ਹੈ।

ਇਸ ਦਾ ਅਰਥ ਹੈ ਕਿ ਉਸ ਨੂੰ ਜ਼ਿੰਦਗੀ ਦੀ ਸਮਝ ਆ ਜਾਂਦੀ ਹੈ।

ਅਸੀਂ ਆਪਣੇ ਅਚੇਤ ਮਨ ਤੋਂ ਜਾਣੂ ਨਹੀਂ। ਇਸ ਨੂੰ ਅਨਕੌਨਸ਼ੀਅਸ ਮਾਈਂਡ ਵੀ ਕਿਹਾ ਜਾਂਦਾ ਹੈ। ਇਸ ਬਾਰੇ ਸਾਨੂੰ ਕੁਝ ਵੀ ਨਹੀਂ ਪਤਾ। ਇਸ 'ਤੇ ਬਹੁਤ ਖੋਜ ਹੋ ਰਹੀ ਹੈ। ਮਨੁੱਖ ਦਾ ਚੇਤਨ ਅਤੇ ਅਰਧ ਚੇਤਨ ਮਨ ਹੀ ਉਸ ਦੀ ਜ਼ਿੰਦਗੀ ਦਾ ਆਧਾਰ ਹੈ। ਜਦੋਂ ਅਧਿਆਤਮ ਇਹ ਕਹਿੰਦਾ ਹੈ ਕਿ ਆਪਣੇ ਮਨ ਵਿੱਚ ਹੀ ਤੁਸੀਂ ਹਰ ਸਵਾਲ ਦਾ ਜਵਾਬ ਪਾਉਂਦੇ ਹੋ ਤਾਂ ਇਸ ਦਾ ਮਤਲਬ ਇਹ ਹੈ ਕਿ ਤੁਹਾਡੇ ਮਨ ਦੀ ਸ਼ਕਤੀ ਤੁਹਾਡੇ ਲਈ ਬਹੁਤ ਮਦਦਗਾਰ ਸਿੱਧ ਹੋ ਸਕਦੀ ਹੈ। ਕਹਿੰਦੇ ਨੇ ਜਿਸ ਨੇ ਮਨ ਨੂੰ ਜਿੱਤ ਲਿਆ, ਉਸ ਨੇ ਜੱਗ ਨੂੰ ਜਿੱਤ ਲਿਆ। ਮਨ 'ਤੇ ਕਾਬੂ ਪਾਉਣ ਦੀ ਗੱਲ ਅਧਿਆਤਮ ਕਰਦਾ ਹੈ। ਇਹ ਬਹੁਤ ਕਠਿਨ ਰਾਹ ਹੈ। ਇਸ ਦਾ ਪਾਂਧੀ ਕੋਈ ਵਿਰਲਾ ਹੀ ਹੁੰਦਾ ਹੈ। ਜਦੋਂ ਅਸੀਂ ਗੁਰਬਾਣੀ ਵਿੱਚੋਂ ਇਸ ਗੱਲ ਨੂੰ ਪੜ੍ਹਦੇ ਹਾਂ; ਬੰਦੇ ਖੋਜੁ ਦਿਲ ਹਰ ਰੋਜ॥ ਤਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਨੂੰ ਹਰ ਰੋਜ਼ ਆਪਣੇ ਦਿਲ ਵਿੱਚ ਉਤਰ ਕੇ ਵੇਖਣਾ ਚਾਹੀਦਾ ਹੈ। ਇਹ ਦੇਖਣਾ ਚਾਹੀਦਾ ਹੈ ਕਿ ਕਿਸ ਸਮੇਂ ਅਸੀਂ ਕੀ ਮਹਿਸੂਸ ਕੀਤਾ? ਕਿਸ ਗੱਲ ਨੇ ਸਾਨੂੰ ਖੁਸ਼ੀ ਦਿੱਤੀ ਜਾਂ ਸਕੂਨ ਦਿੱਤਾ। ਕਿਸ ਗੱਲ 'ਤੇ ਮਨ ਬਾਅਦ ਵਿੱਚ ਪਰੇਸ਼ਾਨ ਹੋਇਆ? ਕਿਸ ਗੱਲ ਦਾ ਮਨ ਨੂੰ ਅਫ਼ਸੋਸ ਹੋਇਆ?

ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਕਿ ਸਾਨੂੰ ਆਪਣੀ ਕਹੀ ਕਿਸੇ ਗੱਲ ਦਾ, ਆਪਣੇ ਕੀਤੇ ਕਿਸੇ ਕੰਮ ਦਾ ਪਛਤਾਵਾ ਹੁੰਦਾ ਹੈ। ਅਸੀਂ ਕਿਸੇ ਕੰਮ ਨੂੰ ਕਰਨ ਤੋਂ ਕੁਝ ਅਰਸੇ ਬਾਅਦ ਇਸ ਗੱਲ ਨੂੰ ਸਮਝ ਲੈਂਦੇ ਹਾਂ ਕਿ ਅਸੀਂ ਸਹੀ ਕੀਤਾ ਹੈ ਜਾਂ ਗ਼ਲਤ। ਸਿਆਣੇ ਕਹਿੰਦੇ ਨੇ ਮਨ ਦੀ ਗੱਲ ਸੁਣ ਲੈਣੀ ਚਾਹੀਦੀ ਹੈ ਖ਼ਾਸ ਤੌਰ 'ਤੇ ਪਹਿਲੀ ਗੱਲ। ਜੋ ਪਹਿਲੀ ਗੱਲ ਤੁਹਾਡੇ ਮਨ ਵਿੱਚ ਆਵੇ ਉਹ ਹਮੇਸ਼ਾਂ ਸਹੀ ਹੁੰਦੀ ਹੈ। ਬਾਅਦ ਵਿੱਚ ਤੁਸੀਂ ਆਪਣਾ ਤਰਕ ਇਸਤੇਮਾਲ ਕਰਕੇ ਗੱਲ ਨੂੰ ਬਦਲ ਵੀ ਲੈਂਦੇ ਹੋ। ਜੇ ਆਪਣੇ ਦਿਲ ਨੂੰ ਖੋਜ ਕੇ ਦੇਖਿਆ ਜਾਵੇ ਤਾਂ ਇਹ ਪਤਾ ਲੱਗ ਜਾਂਦਾ ਹੈ ਕਿ ਦਿਨ ਵਿੱਚ ਅਸੀਂ ਕਿੱਥੇ ਕਿੱਥੇ ਗ਼ਲਤੀ ਕੀਤੀ ਹੈ। ਕਿਵੇਂ ਅਸੀਂ ਕਿਸੇ ਦਾ ਮਨ ਦੁਖਾਇਆ ਹੈ। ਸਾਡੇ ਕਿਸ ਕੰਮ ਨਾਲ ਸਾਡੇ ਆਪਣਿਆਂ ਨੂੰ ਦੁੱਖ ਹੋਇਆ ਹੈ। ਅਜਿਹਾ ਕੀ ਕੀਤਾ ਹੈ ਜਿਸ ਨਾਲ ਕਿਸੇ ਨੂੰ ਸਕੂਨ ਮਿਲਿਆ ਹੈ। ਇਹ ਸਭ ਕੁਝ ਮਨ ਵਿੱਚ ਹੀ ਸਾਂਭਿਆ ਹੁੰਦਾ ਹੈ। ਮਨੁੱਖ ਦਾ ਮਨ ਬੇਈਮਾਨ ਨਹੀਂ ਹੁੰਦਾ। ਬਸ ਸਿਰਫ਼ ਮਨ ਦੀ ਗੱਲ ਸੁਣ ਕੇ ਸਮਝਿਆ ਜਾਵੇ ਤਾਂ। ਜਦੋਂ ਅਸੀਂ ਤਰਕ ਨਾਲ, ਦਲੀਲ ਨਾਲ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਬਹੁਤੀ ਵਾਰ ਅਸੀਂ ਗ਼ਲਤ ਵੀ ਹੁੰਦੇ ਹਾਂ। ਤਿੱਬਤੀ ਲਾਮਾ ਦਾ ਕਹਿਣਾ ਹੈ ਕਿ ਮਨੁੱਖ ਦਾ ਮਨ ਇੱਕ ਬਾਂਦਰ ਵਾਂਗ ਹੈ। ਇਹ ਕਦੇ ਵੀ ਕਿਤੇ ਟਿਕੇ ਨਹੀਂ ਰਹਿ ਸਕਦਾ। ਇਸ ਨੇ ਇੱਧਰੋਂ ਉੱਧਰ ਤੇ ਉੱਧਰੋਂ ਇੱਧਰ ਭਟਕਦੇ ਹੀ ਰਹਿਣਾ ਹੈ। ਇਸ ਲਈ ਉਹ ਧਿਆਨ ਲਾਉਣ ਦੀ ਇੱਕ ਬੜੀ ਵਧੀਆ ਪ੍ਰਕਿਰਿਆ ਦੱਸਦਾ ਹੈ। ਉਸ ਦਾ ਕਹਿਣਾ ਹੈ ਕਿ ਸਾਨੂੰ ਆਪਣਾ ਧਿਆਨ ਆਪਣੇ ਸਾਹਾਂ 'ਤੇ ਕੇਂਦਰਿਤ ਕਰਨਾ ਚਾਹੀਦਾ ਹੈ। ਆਉਂਦੇ ਜਾਂਦੇ ਹਰ ਸਾਹ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਇੱਕ ਵਾਰ ਇਸ ਤਰ੍ਹਾਂ ਕਰਕੇ ਦੇਖੋ ਤੁਸੀਂ ਆਪਣੇ ਆਪ ਨੂੰ ਇੱਕ ਵਿਲੱਖਣ ਹੀ ਸੰਸਾਰ ਵਿੱਚ ਅਤੇ ਵਿਲੱਖਣ ਹੀ ਅਹਿਸਾਸ ਵਿੱਚ ਮਹਿਸੂਸ ਕਰੋਗੇ। ਕਹਿੰਦੇ ਇੱਕ ਬੰਦਾ ਕਿਸੇ ਸੰਤ ਕੋਲ ਗਿਆ ਕਿ ਮੈਨੂੰ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਕੋਈ ਤਰੀਕਾ ਦੱਸੋ। ਸੰਤ ਨੇ ਕਿਹਾ ਕਿ ਇਹ ਤਾਂ ਖੋਜ ਦਾ ਰਾਹ ਹੈ। ਹਰੇਕ ਦਾ ਆਪਣਾ ਆਪਣਾ ਹੈ। ਇਸ ਦਾ ਕੋਈ ਇੱਕ ਰਾਹ ਨਹੀਂ। ਖ਼ੁਦ ਨੂੰ ਆਤਮਸਾਤ ਕਰਨਾ ਪੈਂਦਾ ਹੈ, ਪਰ ਉਹ ਨੌਜਵਾਨ ਉਸ ਦੇ ਮਗਰ ਹੀ ਪੈ ਗਿਆ। ਸੰਤ ਨੇ ਖਹਿੜਾ ਛੁਡਾਉਣ ਲਈ ਉਸ ਨੂੰ ਕਹਿ ਦਿੱਤਾ ਕਿ ਇਸ ਭਜਨ ਦਾ ਸਵੇਰੇ ਤੇ ਸ਼ਾਮ ਜਾਪ ਕਰਨਾ ਹੈ, ਪਰ ਇਸ ਵਿੱਚ ਇੱਕ ਸ਼ਰਤ ਹੈ। ਭਜਨ ਕਰਦਿਆਂ ਬਾਂਦਰ ਦਾ ਖ਼ਿਆਲ ਨਹੀਂ ਆਉਣਾ ਚਾਹੀਦਾ। ਨੌਜਵਾਨ ਖ਼ੁਸ਼ੀ ਖ਼ੁਸ਼ੀ ਘਰ ਗਿਆ, ਪਰ ਜੋ ਭਾਣਾ ਵਾਪਰਿਆ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਹੁਣ ਉਹ ਜਦੋਂ ਵੀ ਕਦੇ ਧਿਆਨ ਲਾਵੇ ਮਨ ਵਿੱਚ ਬਾਂਦਰ ਦਾ ਖ਼ਿਆਲ ਆ ਜਾਵੇ। ਇਹ ਸੋਚੇ ਕਿ ਬਾਂਦਰ ਬਾਰੇ ਨਹੀਂ ਸੋਚਣਾ, ਪਰ ਬਾਂਦਰ ਮਨ ਵਿੱਚੋਂ ਜਾਵੇ ਹੀ ਨਾ। ਉਹ ਫਿਰ ਉਸੇ ਸੰਤ ਕੋਲ ਗਿਆ। ਆਪਣੀ ਸਮੱਸਿਆ ਦੱਸੀ। ਸੰਤ ਨੇ ਕਿਹਾ ਕਿ ਉਹ ਬਾਂਦਰ ਤੇਰੇ ਮਨ ਵਿੱਚ ਹੈ ਕਿਤੇ ਬਾਹਰ ਨਹੀਂ।ਜੇ ਹਰ ਬੰਦਾ ਹਰ ਰੋਜ਼ ਆਪਣੇ ਦਿਲ ਨੂੰ ਖੋਜੇ, ਆਪਣੇ ਦਿਲ ਨੂੰ ਫਰੋਲ ਕੇ ਵੇਖੇ, ਆਪਣੇ ਦਿਲ ਤੋਂ ਆਪਣੇ ਸਵਾਲਾਂ ਦੇ ਜਵਾਬ ਪੁੱਛੇ ਤਾਂ ਇਹ ਸੰਭਵ ਹੀ ਨਹੀਂ ਕਿ ਉਹ ਕਦੇ ਕੋਈ ਗ਼ਲਤ ਕੰਮ ਕਰ ਸਕੇ। ਉਸ ਨੇ ਜੋ ਕਰ ਲਿਆ, ਉਸ ਦਾ ਉਸ ਨੂੰ ਪਛਤਾਵਾ ਹੋਏਗਾ। ਅੱਗੇ ਤੋਂ ਉਹ ਕਦੇ ਅਜਿਹਾ ਕੋਈ ਕੰਮ ਨਹੀਂ ਕਰੇਗਾ ਜਿਸ ਨਾਲ ਕਿਸੇ ਨੂੰ ਨੁਕਸਾਨ ਹੋਵੇ ਜਾਂ ਕਿਸੇ ਦਾ ਦਿਲ ਦੁਖੇ।

ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਦਾ ਸਭ ਤੋਂ ਵਧੀਆ ਰਾਹ ਇਹੀ ਹੈ ਕਿ ਹਰ ਰੋਜ਼ ਆਪਣੇ ਦਿਲ ਨੂੰ ਖੋਜੋ। ਦੇਖੋ ਉਸ ਦੇ ਅੰਦਰ ਕੀ ਚੱਲ ਰਿਹਾ ਹੈ। ਜੇਕਰ ਕਿਤੇ ਕੋਈ ਘ੍ਰਿਣਾ ਹੈ, ਉਸ ਨੂੰ ਮਿਟਾ ਦਿਓ। ਉਹ ਤੁਹਾਡਾ ਨੁਕਸਾਨ ਹੀ ਕਰ ਰਹੀ ਹੈ। ਆਪਣੇ ਦਿਲ ਵਿੱਚ ਦੁਨੀਆ ਲਈ ਮੁਹੱਬਤ ਰੱਖੋ। ਜਦੋਂ ਤੁਸੀਂ ਆਪਣੇ ਅੰਦਰ ਝਾਕੋਗੇ ਤਾਂ ਤੁਹਾਨੂੰ ਆਪਣਾ ਕੋਹਜ ਦਿਖੇਗਾ। ਫਿਰ ਤੁਸੀਂ ਉਸ ਕੋਹਜ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕਰੋਗੇ। ਇਸ ਤਰ੍ਹਾਂ ਤੁਹਾਡਾ ਮਨ ਸ਼ਾਂਤ ਤੇ ਸੰਤੁਸ਼ਟ ਹੋ ਜਾਵੇਗਾ। ਸ਼ਾਂਤ ਮਨ ਨਾਲ ਹਮੇਸ਼ਾਂ ਦੂਜਿਆਂ ਨਾਲ ਚੰਗਾ ਵਿਹਾਰ ਹੁੰਦਾ ਹੈ। ਇਸ ਤਰ੍ਹਾਂ ਦੂਜੇ ਵੀ ਖ਼ੁਸ਼ ਰਹਿਣਗੇ। ਬਸ ਜ਼ਰੂਰੀ ਹੈ ਕਿ ਹਰ ਰੋਜ਼ ਕੁਝ ਸਮਾਂ ਆਪਣੇ ਦਿਲ ਨੂੰ ਖੋਜਣ 'ਤੇ ਲਾਇਆ ਜਾਵੇ। ਜ਼ਿੰਦਗੀ ਨੂੰ ਸੁਖਾਲੀ ਬਣਾਉਣ ਦਾ ਇਹ ਸਭ ਤੋਂ ਸੌਖਾ ਤੇ ਕਾਰਗਰ ਤਰੀਕਾ ਹੈ।

**ਹਰਪ੍ਰੀਤ ਕੌਰ ਸੰਧੂ**

ਅਲਾਇੰਸ


ਹਰ ਤਰ੍ਹਾਂ ਦਾ ਤਸੱਲੀਬਖਸ਼ ਕੰਮ ਕਰਵਾਉਂਣ ਲਈ ਯਾਦ ਰੱਖੋ ਇਕ ਇਕੋ ਇਕ ਨਾਮ

ਨਿਊ ਮੂਨ ਕੰਸਟ੍ਰੱਕਸ਼ਨ

ਅਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ:

* ਰੈਨੋਵੇਸ਼ਨ * ਪੇਵਰ ਬਲੌਕ
* ਰੀਟੇਨ ਵਾਲਜ਼ * ਵਾਕਵੇਅ
* ਡਰਾਈਵੇਅ * ਪੌੜੀਆਂ
* ਫਰੇਮਿੰਗ * ਗਾਰਬੇਜ਼ ਚੁੱਕਣਾ
* ਨਕਲੀ ਘਾਹ ਵਿਛਾਉਣਾ ਅਤੇ
* ਹੋਰ ਬਹੁਤ ਕੁਝ





ਮੁਫਤ ਐਸਟੀਮੇਟ ਲਈ ਸੰਪਰਕ ਕਰੋ:

ਮੀਤ ਸਿੰਘ:604-902-6350

# ਬਸੰਤ ਬਹਾਰ, ਕੁਦਰਤ ਦਾ ਸ਼ਿੰਗਾਰ

ਜਦੋਂ ਮਾਘ ਦੀ ਠੰਢੀ ਖਾਮੋਸ਼ੀ ਅਲਵਿਦਾ ਕਹਿ ਕੇ ਰੁਖ਼ਸਤ ਹੁੰਦੀ ਹੈ ਅਤੇ ਫੱਗਣ ਦੀਆਂ ਨਰਮ, ਸੁਗੰਧੀ ਭਰੀਆਂ ਹਵਾਵਾਂ ਧਰਤੀ ਨੂੰ ਛੂੰਹਦੀਆਂ ਹਨ, ਤਦ ਸਮਝੋ ਕਿ ਬਸੰਤ ਨੇ ਆਪਣੇ ਕੋਮਲ ਕਦਮਾਂ ਨਾਲ ਦਸਤਕ ਦੇ ਦਿੱਤੀ ਹੈ। ਬਸੰਤ ਸਿਰਫ਼ ਇੱਕ ਰੁੱਤ ਨਹੀਂ, ਇਹ ਮਨੁੱਖੀ ਚੇਤਨਾ ਦੀ ਨਵੀਨਤਾ, ਕੁਦਰਤ ਦੇ ਪੁਨਰ ਜਨਮ ਅਤੇ ਸੱਭਿਆਚਾਰਕ ਮੇਲਿਆਂ ਦਾ ਜੀਵੰਤ ਪ੍ਰਤੀਕ ਹੈ। ਪੰਜਾਬੀ ਜੀਵਨ-ਦਰਸ਼ਨ ਵਿੱਚ ਬਸੰਤ ਸਦਾ ਤੋਂ ਹੀ ਆਸ, ਉਤਸ਼ਾਹ ਅਤੇ ਰੰਗੀਨਤਾ ਦਾ ਦੂਜਾ ਨਾਮ ਰਿਹਾ ਹੈ। ਪੱਤਝੜ ਦੀ ਉਦਾਸੀ ਤੋਂ ਬਾਅਦ ਜਦੋਂ ਸੁੱਕੀਆਂ ਟਾਹਣੀਆਂ ’ਤੇ ਨਰਮ ਹਰੀਆਂ ਕਰੂੰਬਲਾਂ ਮੁਸਕਰਾਉਂਦੀਆਂ ਹਨ ਤਾਂ ਇਹ ਸਿਰਫ਼ ਪੱਤਿਆਂ ਦਾ ਫੁੱਟਣਾ ਨਹੀਂ ਹੁੰਦਾ, ਇਹ ਜੀਵਨ ਦੇ ਮੁੜ ਜਾਗ ਪੈਣ ਦੀ ਨਿਸ਼ਾਨੀ ਹੁੰਦੀ ਹੈ। ਬਸੰਤ ਨਾਲ ਫਿਜ਼ਾ ਵਿੱਚ ਇੱਕ ਅਜਿਹੀ ਮਸਤਾਨੀ ਮਹਿਕ ਘੁਲ ਜਾਂਦੀ ਹੈ ਜੋ ਮਨੁੱਖੀ ਮਨ ਦਾ ਬੋਝ ਹਲਕਾ ਕਰ ਕੇ ਉਸ ਨੂੰ ਸਕੂਨ ਦੀ ਗੋਦ ਵਿੱਚ ਬਿਠਾ ਦਿੰਦੀ ਹੈ। ਵਿਗਿਆਨਕ ਤੌਰ ’ਤੇ ਵੀ ਇਹ ਸਮਾਂ ਬਨਸਪਤੀ ਅਤੇ ਜੀਵ-ਜੰਤੂਆਂ ਦੇ ਪ੍ਰਜਨਨ ਅਤੇ ਵਿਕਾਸ ਲਈ ਸਭ ਤੋਂ ਅਨੁਕੂਲ ਮੰਨਿਆ ਜਾਂਦਾ ਹੈ, ਜਿਵੇਂ ਕੁਦਰਤ ਖ਼ੁਦ ਜੀਵਨ ਨੂੰ ਨਵਾਂ ਆਦੇਸ਼ ਦੇ ਰਹੀ ਹੋਵੇ। ਬਸੰਤ ਆਪਣੇ ਨਾਲ ਰੰਗਾਂ ਦੀ ਇੱਕ ਅਦਭੁੱਤ ਕਵਿਤਾ ਲੈ ਕੇ ਆਉਂਦੀ ਹੈ। ਹਰੇ, ਪੀਲੇ, ਗੁਲਾਬੀ, ਲਾਲ, ਨੀਲੇ ਅਤੇ ਹੋਰ ਅਨੇਕ ਰੰਗ ਧਰਤੀ ਨੂੰ ਨਵੀਂ ਵਿਆਹੀ ਦੁਲਹਨ ਵਾਂਗ ਸਜਾ ਦਿੰਦੇ ਹਨ। ਮਨੋਵਿਗਿਆਨੀਆਂ ਅਨੁਸਾਰ ਇਹ ਚਮਕਦਾਰ ਰੰਗ ਮਨੁੱਖੀ ਦਿਮਾਗ਼ ਵਿੱਚ ਖ਼ੁਸ਼ੀ ਦੇ ਹਾਰਮੋਨ ‘ਡੋਪਾਮਾਈਨ’ ਨੂੰ ਸਰਗਰਮ ਕਰਦੇ ਹਨ, ਜਿਸ ਨਾਲ ਮਨ ਪ੍ਰਸੰਨਤਾ ਅਤੇ ਉਰਜਾ ਨਾਲ ਭਰ ਜਾਂਦਾ ਹੈ। ਫੁੱਲਾਂ ’ਤੇ ਮੰਡਰਾਉਂਦੀਆਂ ਤਿਤਲੀਆਂ ਅਤੇ ਹਰੀ ਮਖ਼ਮਲੀ ਘਾਹ ਦੀ ਚਾਦਰ ਕੁਦਰਤ ਦੇ ਬੇਅੰਤ ਸੁਹੱਪਣ ਦਾ ਅਹਿਸਾਸ ਕਰਵਾਉਂਦੀਆਂ ਹਨ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਵੀ ਬਸੰਤ ਨਾਲ ਨਵਾਂ ਸਾਹ ਲੈਂਦੀ ਹੈ। ਸਰ੍ਹੋਂ ਦੇ ਪੀਲੇ ਫੁੱਲ ਜਦੋਂ ਦੂਰ ਤੱਕ ਖੇਤਾਂ ਵਿੱਚ ਲਹਿਰਾ ਰਹੇ ਹੁੰਦੇ ਹਨ ਤਾਂ ਲੱਗਦਾ ਹੈ ਜਿਵੇਂ ਅਸਮਾਨ ਨੇ ਆਪਣਾ ਸੋਨਾ ਧਰਤੀ ’ਤੇ ਲੁੱਟਾ ਦਿੱਤਾ ਹੋਵੇ। ਕਣਕਾਂ ਦਾ ਨਿਸਰਨਾ ਕਿਸਾਨ ਦੀਆਂ ਅੱਖਾਂ ਵਿੱਚ ਚਮਕ ਪੈਦਾ ਕਰ ਦਿੰਦਾ ਹੈ। ਅੰਬਾਂ ਦੇ ਬਾਗ਼ਾਂ ਵਿੱਚ ਕੋਇਲ ਦੀ ਮਿੱਠੀ ਕੂਕ ਅਤੇ ਤੋਤਿਆਂ ਦੀ ਚਹਿਚਹਾਟ ਪੇਂਡੂ ਜੀਵਨ ਨੂੰ ਇੱਕ ਅਲੌਕਿਕ ਮਿਠਾਸ ਬਖ਼ਸ਼ਦੀ ਹੈ। ਇਹ ਰੁੱਤ ਕਿਸਾਨ ਲਈ ਸਿਰਫ਼ ਫ਼ਸਲ ਨਹੀਂ ਸਗੋਂ ਖ਼ੁਸ਼ਹਾਲੀ ਦਾ ਸੁਪਨਾ ਹੁੰਦੀ ਹੈ। ਪੰਜਾਬ ਸਮੇਤ ਸਮੁੱਚੇ ਭਾਰਤ ਵਿੱਚ ਬਸੰਤ ਦੀ ਪਛਾਣ ਪਤੰਗਬਾਜ਼ੀ ਨਾਲ ਅਟੁੱਟ ਜੁੜੀ ਹੋਈ ਹੈ। ਨੀਲੇ ਅਸਮਾਨ ਵਿੱਚ ਤੈਰਦੀਆਂ ਰੰਗ-ਬਿਰੰਗੀਆਂ ਪਤੰਗਾਂ ਅਤੇ ਉਨ੍ਹਾਂ ਦੇ ਪੇਚੇ ਸਿਰਫ਼ ਖੇਡ ਨਹੀਂ, ਇਹ ਸਮਾਜਿਕ ਸਾਂਝ ਅਤੇ ਮੁਕਾਬਲੇ ਦੀ ਸੁੰਦਰ ਮਿਸਾਲ ਹਨ। ਪੀਲੇ ਕੱਪੜੇ, ਮਿੱਠੇ ਚਾਵਲ ਅਤੇ ਹਾਸੇ-ਠੱਠੇ ਬਸੰਤ ਨੂੰ ਲੋਕਧਾਰਾ ਨਾਲ ਜੋੜਦੇ ਹਨ। ਪਤੰਗਾਂ ਦੇ ਪੇਚਿਆਂ ਦੀ ਤਣਾਅ ਭਰੀ ਲੜਾਈ ਵੀ ਸਾਨੂੰ ਇਹ ਸਿਖਾਉਂਦੀ ਹੈ ਕਿ ਮੁਕਾਬਲਾ ਕਿੰਨਾ ਵੀ ਸਖ਼ਤ ਹੋਵੇ, ਪਰ ਮਨੁੱਖੀ ਮੁਹੱਬਤ ਦੀ ਡੋਰ ਕਦੇ ਨਹੀਂ ਟੁੱਟਣੀ ਚਾਹੀਦੀ।ਬਸੰਤ ਦਾ ਰੰਗ ਸਿਰਫ਼ ਖ਼ੁਸ਼ੀ ਨਹੀਂ ਇਹ ਕੁਰਬਾਨੀ ਅਤੇ ਅਣਖ ਦਾ ਵੀ ਪ੍ਰਤੀਕ ਹੈ। ਹਕੀਕਤ ਰਾਏ ਦੀ ਸ਼ਹਾਦਤ ਤੋਂ ਲੈ ਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬਸੰਤੀ ਚੋਲੇ ਤੱਕ, ਇਹ ਰੰਗ ਇਨਕਲਾਬੀ ਚੇਤਨਾ ਨਾਲ ਰੰਗਿਆ ਹੋਇਆ ਹੈ। ਬਸੰਤ ਮਨਾਉਂਦੇ ਹੋਏ ਸਾਨੂੰ ਉਨ੍ਹਾਂ ਸੂਰਬੀਰਾਂ ਨੂੰ ਵੀ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਦੀਆਂ ਕੁਰਬਾਨੀਆਂ ਬਿਨਾਂ ਅਸਲ ਬਹਾਰ ਅਧੂਰੀ ਹੈ। ਨਾਲ ਹੀ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਸਲ ਬਸੰਤ ਤਾਂ ਉਦੋਂ ਆਵੇਗੀ



ਜਦੋਂ ਅਸੀਂ ਉਨ੍ਹਾਂ ਦੇ ਸੁਪਨਿਆਂ ਦਾ ਇਨਸਾਫ਼ਪਸੰਦ ਅਤੇ ਮਨੁੱਖੀ ਸਮਾਜ ਸਿਰਜਾਂਗੇ। ਆਲਮੀ ਤਪਿਸ਼ ਅਤੇ ਪ੍ਰਦੂਸ਼ਣ ਕਾਰਨ ਜਦੋਂ ਰੁੱਤਾਂ ਦਾ ਕੁਦਰਤੀ ਸੰਤੁਲਨ ਡੋਲ ਰਿਹਾ ਹੈ ਤਦ ਬਸੰਤ ਸਾਨੂੰ ਚਿਤਾਵਨੀ ਵੀ ਦਿੰਦੀ ਹੈ। ਰੁੱਖਾਂ ਦੀ ਅੰਨ੍ਹੇਵਾਹ ਕਟਾਈ ਅਤੇ ਪ੍ਰਦੂਸ਼ਿਤ ਹਵਾ ਬਸੰਤ ਦੀ ਮਿਆਦ ਨੂੰ ਸੁੰਗੇੜ ਰਹੀਆਂ ਹਨ। ਲੋੜ ਹੈ ਕਿ ਅਸੀਂ ਕੁਦਰਤ ਨਾਲ ਸਾਂਝ ਪਾਈਏ, ਵੱਧ ਤੋਂ ਵੱਧ ਰੁੱਖ ਲਾਈਏ ਅਤੇ ਧਰਤੀ ਨੂੰ ਆਉਣ ਵਾਲੀਆਂ ਨਸਲਾਂ ਲਈ ਸੁਰੱਖਿਅਤ ਛੱਡੀਏ। ਬਸੰਤ ਬਹਾਰ ਸਾਨੂੰ ਸਿਖਾਉਂਦੀ ਹੈ ਕਿ ਹਰ ਪੱਤਝੜ ਤੋਂ ਬਾਅਦ ਨਵੀਂ ਕੋਪਲ ਜ਼ਰੂਰ ਫੁੱਟਦੀ ਹੈ। ਇਹ ਰੁੱਤ ਖ਼ੁਸ਼ੀ, ਸਾਂਝ ਅਤੇ ਕੁਦਰਤ ਪ੍ਰਤੀ ਸਤਿਕਾਰ ਦੀ ਜੀਵਨ-ਸ਼ੈਲੀ ਦਾ ਸੰਦੇਸ਼ ਦਿੰਦੀ ਹੈ। ਆਓ, ਇਸ ਬਸੰਤ ਆਪਣੇ ਮਨਾਂ ਦੇ ਵਿਹੜੇ ਵਿੱਚ ਵੀ ਮੁਹੱਬਤ, ਇਨਸਾਨੀਅਤ ਅਤੇ ਆਸ ਦੇ ਫੁੱਲ ਖਿੜਾਈਏ ਤਾਂ ਜੋ ਸਾਡੀ ਦੁਨੀਆ ਹੋਰ ਵੀ ਰੰਗੀਨ, ਸੁੰਦਰ ਅਤੇ ਰਹਿਣਯੋਗ ਬਣ ਸਕੇ।

**ਹਰਦਮ ਮਾਨ**

***(ਬਾਕੀ ਸਫਾ 16 ਦੀ)***

*ਜਿੱਥੇ ਪਤੀ ਨੌਕਰੀ ਪੇਸ਼ਾ ਹੋਵੇ ਅਤੇ ਪਤਨੀ ਘਰ ਚਲਾਉਂਦੀ ਹੋਵੇ, ਉੱਥੇ ਫੋਕੇ ਮਰਦਊਪੁਣੇ ਦੇ ਸ਼ਿਕਾਰ ਕਈ ਪਤੀ ਇਹ ਰੋਅਬ ਮਾਰਦੇ ਰਹਿੰਦੇ ਹਨ ਕਿ ਮੈਂ ਪਰਿਵਾਰ ਲਈ ਸਾਰਾ ਦਿਨ ਕੰਮ ਕਰਦਾ ਹਾਂ ਜਦੋਂ ਕਿ ਹਕੀਕਤ ਕੁਝ ਹੋਰ ਹੁੰਦੀ ਹੈ। ਹੁਣ ਤਾਂ ਇਹ ਗੱਲ ਕੋਈ ਲੁਕੀ ਛਿਪੀ ਨਹੀਂ ਰਹਿ ਗਈ ਕਿ ਜੇਕਰ ਇੱਕ ਦਿਨ ਵੀ ਪਤਨੀ ਘਰ ਦੇ ਕੰਮ ਤੋਂ ਛੁੱਟੀ ਲੈ ਲਵੇ ਤਾਂ ਸਾਰੇ ਘਰ ਦਾ ਤਾਣਾ-ਬਾਣਾ ਹੀ ਬਿਖਰ ਜਾਂਦਾ ਹੈ। ਪੁਰਾਣੇ ਵੇਲਿਆਂ ਵਿੱਚ ਘਰੇਲੂ ਕੰਮ ਕਰਨਾ ਪੁਰਸ਼ਾਂ ਦੀ ਤੌਹੀਨ ਸਮਝੀ ਜਾਂਦੀ ਸੀ, ਪ੍ਰੰਤੂ ਅਜੋਕੇ ਸਮੇਂ ਵਿੱਚ ਜ਼ਿਆਦਤਰ ਪੁਰਸ਼ ਪਤਨੀਆਂ ਨਾਲ ਮਿਲ ਕੇ ਘਰੇਲੂ ਕੰਮ ਕਾਰ ਕਰਨ ਵਿੱਚ ਸ਼ਰਮ ਨਹੀਂ ਸਗੋਂ ਮਾਣ ਮਹਿਸੂਸ ਕਰਦੇ ਹਨ।*

*ਕਈ ਸੌੜੀ ਸੋਚ ਵਾਲੇ ਪੁਰਸ਼ ਘਰੇਲੂ ਕੰਮ ਕਾਰ ਕਰਨ ਵਾਲਿਆਂ ਦਾ ਮਜ਼ਾਕ ਵੀ ਉਠਾਉਂਦੇ ਹਨ, ਪ੍ਰੰਤੂ ਅਜਿਹੀ ਸੌੜੀ ਸੋਚ ਵਾਲੇ ਹੁਣ ਘੱਟ ਗਿਣਤੀ ਵਿੱਚ ਚਲੇ ਗਏ ਹਨ। ਕਿਸੇ ਨੇ ਇੱਕ ਅਜਿਹੇ ਬੰਦੇ ਨੂੰ ਸਵਾਲ ਪੁੱਛਿਆ ਜੋ ਹਰ ਕੰਮ ਆਪਣੀ ਪਤਨੀ ਤੋਂ ਪੁੱਛ ਕੇ ਕਰਦਾ ਸੀ ਕਿ ਤੂੰ ਆਪਣੀ ਪਤਨੀ ਤੋਂ ਐਨਾ ਡਰਦਾ ਕਿਉਂ ਹੈ ? ਉਸ ਨੇ ਜਵਾਬ ਦਿੱਤਾ ਕਿ ਮੈਂ ਡਰਦਾ ਨਹੀਂ, ਸਗੋਂ ਆਪਣੀ ਪਤਨੀ ਦਾ ਅਹਿਤਰਾਮ ਕਰਦਾ ਹਾਂ। ਇੱਕ ਮਨੋਵਿਗਿਆਨਕ ਤੱਥ ਹੈ ਕਿ ਪੁਰਸ਼ਾਂ ਵਿੱਚ ਤਣਾਅ ਘੱਟ ਕਰਨ ਲਈ ਭਾਂਡੇ ਮਾਂਜਣਾ, ਖਾਣਾ ਬਣਾਉਣਾ ਅਤੇ ਘਰ ਦੇ ਹੋਰ ਛੋਟੇ ਮੋਟੇ ਕੰਮ ਕਰਨੇ ਸਹਾਈ ਸਿੱਧ ਹੁੰਦੇ ਹਨ। ਸੋ, ਸਿਰਫ਼ ਮਿੱਠੀਆਂ ਗੱਲਾਂ ਨਾਲ ਹੀ ਨਹੀਂ ਸਗੋਂ ਘਰ ਵਿੱਚ ਭਾਂਡੇ ਮਾਂਜ ਕੇ ਵੀ ਮੁਹੱਬਤ ਦਾ ਇਜ਼ਹਾਰ ਕੀਤਾ ਜਾ ਸਕਦਾ ਹੈ।*

***ਹਰਪ੍ਰੀਤ ਕੌਰ ਸਵੈਚ***




fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
WHOLESALE PRICES AT RETAIL STORE
UNBEATABLE EXTRA SUPER SPECIAL
Red Lentil Split & Whole 4 lbs Indican
ਇੰਡੀਕੇਨ ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ 4 lbs
$2.99 pkg.
UNBEATABLE SUPER SUPER SPECIAL
Indian Style Carrots
ਇੰਡੀਅਨ ਗਾਜਰ
99¢ lb
SUPER SPECIAL
Roma Tomatoes
ਰੋਮਾ ਟਮਾਟਰ
$1.49 lb
Britannia Tiger Cookies 600 g
ਬਰਿਟਾਨੀਆ ਟਾਈਗਰ ਕੁਕੀਜ਼ 600
$2.99 pkg.
SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
99¢ lb
SUPER SPECIAL
Chickpeas Indican 4 lbs
ਇੰਡੀਕੇਨ ਚਿੱਟੇ ਛੋਲੇ
$3.49 pkg.
SUPER SPECIAL
Plain Gur 2 lbs
ਪੇਸ਼ੀ ਗੁੜ
$3.99 pkg.
Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$4.98 ea.
Indican Juices 2 L Kinnow, Pink Guava Pomegranate
ਇੰਡੀਕਨ ਜੂਸ 2 ਲੀਟਰ ਕਿੰਨੂ, ਪਿੰਕ ਅਮਰੂਦ, ਅਨਾਰ
$1.99 ea.
SUPER SPECIAL
Gala Apples BC
ਬੀਸੀ ਗਾਲਾ ਸੇਬ
99¢ lb
SUPER SPECIAL
Daikon (Moli)
ਮੂਲੀ
99¢ lb
Raw Almonds #1 Large Size
ਵੱਡੇ ਬਦਾਮ
$5.98 lb
Whipped Butter (Makhani) 500 g
ਪੰਜਾਬੀ ਮੱਖਣੀ
$9.99 pkg.
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.
Red Delicious Apples USA
ਲਾਲ ਸਵਾਦ ਸੇਬ ਯੂ.ਐਸ.
99¢ lb
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
99¢ lb
Pink Lady Apples
ਗੁਲਾਬੀ ਲੇਡੀ ਸੇਬ
99¢ lb
Frozen Karella Indican 312 g
ਫ੍ਰੋਜ਼ਨ ਕਰੇਲਾ ਇੰਡੀਕੇਨ
$1.99 pkg.
Fine Cane Sugar (Indican) 8 lbs
ਗੰਨੇ ਦੀ ਖੰਡ 8lbs ਇੰਡੀਕੇਨ
$5.99 bag
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Long Opo Squash
ਓਪੋ ਕੱਦੂ
99¢ lb
Yellow Onions 50 lbs
ਪੀਲੇ ਗੰਢੇ
$9.98 bag
Frozen Surti Lilva 312 g
ਫ੍ਰੋਜ਼ਨ ਸੁਰਤੀ ਲਿਲਵਾ
$2.99 pkg.
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$7.98 bag
Red Onions 25 lbs
ਲਾਲ ਗੰਢੇ
$9.98 bag
Ahmed Roasted Vermicelli 150 g
Ahmed ਅਹਿਮਦ ਭੁੰਨੀਆਂ ਹੋਈ ਸੇਵੀਆਂ
2 for / $1.50
Roasted Peanuts in Shell (China)
ਭੁੰਜੀ ਮੂੰਗਫਲੀ
99¢ lb
Frozen Tandora Indican 312 g
ਫ੍ਰੋਜ਼ਨ ਟਿੰਡੋਰਾ ਇੰਡੀਕੇਨ
$1.99 pkg.
Product images may differ from the actual product.
Fri Feb 06, 2026 - Wed Feb 11, 2026
We reserve the right to limit the quantities while they last
Specials valid for Lower Mainland only
24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Disclaimer: We reserve the right to add restrictions on products with a minimum purchase
FRUITICANA KING GEORGE LOCATION NOW OPEN #101-10241 KING GEORGE BLVD, SURREY
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 10241 King George Blvd 604-503-1149
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520